British Columbia
Ministry of Finance

# ਬੈਲੇਂਸਡ ਬੱਜਟ 2006 ਵਿਸ਼ੇਸ਼ਤਾਵਾਂ

## *ਬੈਲੇਂਸਡ ਬੱਜਟ 2006 ਬੀ ਸੀ ਦੇ ਬੱਚਿਆਂ ’ਤੇ ਕੇਂਦਰਿਤ ਹੈ*

ਹਰ ਨਵਾਂ ਬੱਜਟ ਬ੍ਰਿਟਿਸ਼ ਕੋਲੰਬੀਆ ਲਈ ਅਗਾਂਹ ਵੱਲ ਇਕ ਹੋਰ ਕਦਮ ਪੁੱਟਣ ਦਾ ਮੌਕਾ ਹੈ। ਪਿਛਲੇ ਸਾਲ ਦਾ ਬੱਜਟ ਬਜ਼ੁਰਗਾਂ ’ਤੇ ਕੇਂਦਰਿਤ ਸੀ। ਇਸ ਸਾਲ, ਬੱਜਟ ਉਨ੍ਹਾਂ ਸੇਵਾਵਾਂ ਵਿਚ ਸੁਧਾਰ ਕਰਨ ’ਤੇ ਕੇਂਦਰਿਤ ਹੈ ਜਿਹੜੀਆਂ ਬੀ.ਸੀ. ਦੇ ਬੱਚਿਆਂ ਦੀ ਮਦਦ ਅਤੇ ਪਰਵਰਿਸ਼ ਕਰਦੀਆਂ ਹਨ, ਉਨ੍ਹਾਂ ਨੂੰ ਵਿਦਿਆ ਦਿੰਦੀਆਂ ਹਨ ਅਤੇ ਉਨ੍ਹਾਂ ਦੀ ਹਿਫਾਜ਼ਤ ਕਰਦੀਆਂ ਹਨ।


*ਬੈਲੇਂਸਡ ਬੱਜਟ 2006* ਜ਼ਿਆਦਾ ਸੋਸ਼ਲ ਵਰਕਰ ਅਤੇ ਅਗਲੀ ਕਤਾਰ ਦਾ ਹੋਰ ਸਟਾਫ ਪ੍ਰਦਾਨ ਕਰਦਾ ਹੈ, ਖਤਰੇ ਵਾਲੇ ਪਰਿਵਾਰਾਂ ਅਤੇ ਖਾਸ ਲੋੜਾਂ ਵਾਲੇ ਬੱਚਿਆਂ ਲਈ ਮਦਦ ਵਿਚ ਸੁਧਾਰ ਕਰਦਾ ਹੈ, ਅਤੇ ਸਰਕਾਰੀ ਪੜ੍ਹਾਈ ਲਈ ਆਪਣੇ ਫੰਡਾਂ ਵਿਚ ਸੂਬੇ ਦੇ ਇਤਿਹਾਸ ਵਿਚ ਸੱਭ ਤੋਂ ਉੱਚੇ ਪੱਧਰ ਦਾ ਵਾਧਾ ਕਰਦਾ ਹੈ।

ਇਹ ਟਰੇਨਿੰਗ ਅਤੇ ਹੁਨਰਾਂ ਦੇ ਵਿਕਾਸ ਵਿਚ ਵਾਧਾ ਕਰਦਾ ਹੈ, ਪੋਸਟ-ਸੈਕੰਡਰੀ ਪੜ੍ਹਾਈ ਵਿਚ ਵਿਸਥਾਰ ਕਰਦਾ ਹੈ, ਅਤੇ ਜਵਾਨਾਂ, ਫਸਟ ਨੇਸ਼ਨਜ਼, ਨਵੇਂ ਇਮੀਗਰਾਂਟਾਂ ਅਤੇ ਅਪਾਹਜ ਲੋਕਾਂ ਲਈ ਮੌਕਿਆਂ ਵਿਚ ਵਾਧਾ ਕਰਦਾ ਹੈ।

ਇਹ ਘਰ-ਮਾਲਕੀ ਨੂੰ ਵਾਰਾ ਖਾਣ ਯੋਗ ਰੱਖਣ ਵਿਚ ਮਦਦ ਕਰਦਾ ਹੈ ਅਤੇ ਵਿਅਕਤੀਆਂ ਅਤੇ ਕਾਰੋਬਾਰਾਂ ਲਈ ਕਈ ਤਰ੍ਹਾਂ ਦੀਆਂ ਹੋਰ ਟੈਕਸ ਕਟੌਤੀਆਂ ਪ੍ਰਦਾਨ ਕਰਦਾ ਹੈ।

ਇਹ ਬ੍ਰਿਟਿਸ਼ ਕੋਲੰਬੀਆ ਦੀਆਂ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਵਾਲੇ ਲੋਕਾਂ ਦੀਆਂ ਤਨਖਾਹਾਂ ਵਿਚ ਵਾਧੇ ਲਈ ਵੀ 6 ਬਿਲੀਅਨ ਡਾਲਰ ਤੱਕ ਦੇ ਫੰਡ ਪ੍ਰਦਾਨ ਕਰਦਾ ਹੈ।

ਇਨ੍ਹਾਂ ਚੀਜ਼ਾਂ ਅਤੇ ਨਵੇਂ ਪੂੰਜੀ-ਨਿਵੇਸ਼ਾਂ ਦੀ ਵਿਉਂਤ ਦੀ ਮਦਦ ਕਰਦੇ ਹੋਏ *ਬੈਲੇਂਸਡ ਬੱਜਟ 2006* ਬ੍ਰਿਟਿਸ਼ ਕੋਲੰਬੀਆ ਨੂੰ ਦ੍ਰਿੜਤਾ ਨਾਲ ਅੱਗੇ ਲਿਜਾਣਾ ਜਾਰੀ ਰੱਖੇਗਾ।



*ਬੈਲੇਂਸਡ ਬੱਜਟ 2006 ਉਨ੍ਹਾਂ ਸੇਵਾਵਾਂ ਵਿਚ ਸੁਧਾਰ ਕਰਨ ’ਤੇ ਕੇਂਦਰਿਤ ਹੈ ਜਿਹੜੀਆਂ ਬੀ.ਸੀ. ਦੇ ਬੱਚਿਆਂ ਦੀ ਮਦਦ ਅਤੇ ਪਰਵਰਿਸ਼ ਕਰਦੀਆਂ ਹਨ, ਉਨ੍ਹਾਂ ਨੂੰ ਵਿਦਿਆ ਦਿੰਦੀਆਂ ਹਨ ਅਤੇ ਉਨ੍ਹਾਂ ਦੀ ਹਿਫਾਜ਼ਤ ਕਰਦੀਆਂ ਹਨ।*

## ਬੱਚਿਆਂ ਲਈ ਸੇਵਾਵਾਂ ਵਿਚ ਸੁਧਾਰ ਅਤੇ ਵਾਧਾ ਕਰਨਾ

*ਬੈਲੇਂਸਡ ਬੱਜਟ 2006* ਨੁਕਸਾਨ ਦੀ ਜ਼ਦ ਹੇਠਲੇ ਬੱਚਿਆਂ ਦੀ ਭਲਾਈ ਨੂੰ ਯਕੀਨੀ ਬਣਾਉਣ ਵਿਚ ਸਹਾਇਤਾ ਕਰਨ ਲਈ, ਖਾਸ ਲੋੜਾਂ ਵਾਲੇ ਬੱਚਿਆਂ ਨੂੰ ਦਿੱਤੀਆਂ ਜਾਂਦੀਆਂ ਸੇਵਾਵਾਂ ਵਿਚ ਵਾਧਾ ਕਰਨ ਲਈ, ਅਤੇ ਖਤਰੇ ਵਾਲੇ ਬੱਚਿਆਂ ਅਤੇ ਜਵਾਨਾਂ ਦੀ ਸੰਭਾਲ ਕਰ ਰਹੇ ਲੋਕਾਂ ਅਤੇ ਪਰਿਵਾਰਕ ਮੈਂਬਰਾਂ ਦੀ ਬਿਹਤਰ ਮਦਦ ਕਰਨ ਲਈ ਚਾਰ ਸਾਲਾਂ ਦੇ ਸਮੇਂ ਦੌਰਾਨ ਹੋਰ 421 ਮਿਲੀਅਨ ਡਾਲਰ ਪ੍ਰਦਾਨ ਕਰਦਾ ਹੈ। ਨਵੇਂ ਉੱਦਮਾਂ ਵਿਚ ਸ਼ਾਮਲ ਹਨ:

- ਜ਼ਿਆਦਾ ਸੋਸ਼ਲ ਵਰਕਰ ਅਤੇ ਅਗਲੀ ਕਤਾਰ ਦਾ ਹੋਰ ਸਟਾਫ ਰੱਖਣ ਲਈ, ਬੱਚਿਆਂ ਦੀ ਸੰਭਾਲ ਕਰਨ ਵਾਲੇ ਦਾਦੇ/ਦਾਦੀਆਂ ਅਤੇ ਨਾਨੇ/ਨਾਨੀਆਂ ਅਤੇ ਹੋਰ ਰਿਸ਼ਤੇਦਾਰਾਂ ਦੀ ਮਦਦ ਵਿਚ ਸੁਧਾਰ ਲਈ ਅਤੇ ਫੌਸਟਰ ਮਾਪਿਆਂ ਨੂੰ ਮਿਲਦੇ ਆਵਾਜਾਈ ਦੇ ਅਲਾਊਂਸ ਵਿਚ 50 ਫੀਸਦੀ ਤੱਕ ਵਾਧਾ ਕਰਨ ਲਈ 72 ਮਿਲੀਅਨ ਡਾਲਰ – 10 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਪਹਿਲੀ ਵਾਰ ਵਾਧਾ;
- ਬੱਚਿਆਂ ਦੇ ਹਿਫਾਜ਼ਤੀ ਸਿਸਟਮ ਨੂੰ ਚੰਗੇ ਬਣਾਉਣ ਲਈ 100 ਮਿਲੀਅਨ ਡਾਲਰ, ਜੋ ਕਿ ਅਗਾਊਂ ਦਖਲਅੰਦਾਜ਼ੀ ਦੀਆਂ ਸੇਵਾਵਾਂ 'ਤੇ ਕੇਂਦਰਿਤ ਹੈ ਤਾਂ ਜੋ ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਉਨ੍ਹਾਂ ਦੇ ਪਰਿਵਾਰਾਂ ਅਤੇ ਕਮਿਉਨਟੀਆਂ ਵਿਚ ਯਕੀਨੀ ਬਣਾਇਆ ਜਾ ਸਕੇ;
- ਬੀ.ਸੀ. ਦੇ ਮਾਨਸਿਕ ਸਿਹਤ ਦੇ ਵਿਗਾੜਾਂ ਵਾਲੇ ਤਕਰੀਬਨ 140,000 ਬੱਚਿਆਂ ਅਤੇ ਜਵਾਨਾਂ ਦੀ ਬਿਹਤਰ ਸੇਵਾ ਕਰਨ ਲਈ ਚਾਇਲਡ ਐਂਡ ਯੂਥ ਮੈਂਟਲ ਹੈਲਥ ਪਲੈਨ ਦੇ ਪੜਾ 2 ਲਈ ਫੰਡ ਵਧਾਉਣ ਲਈ 34 ਮਿਲੀਅਨ ਡਾਲਰ;
- ਖਾਸ ਲੋੜਾਂ ਵਾਲੇ ਬੱਚਿਆਂ ਅਤੇ ਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਿਲਦੀਆਂ ਸੇਵਾਵਾਂ ਦਾ ਉਡੀਕ ਸਮਾਂ ਘਟਾਉਣ ਲਈ 36 ਮਿਲੀਅਨ ਡਾਲਰ;
- ਪੰਜ ਇਲਾਕਾਈ ਐਬਰਿਜਨਲ ਚਾਇਲਡ ਐਂਡ ਫੈਮਿਲੀ ਡਿਵੈਲਪਮੈਂਟ ਸਰਵਿਸ ਅਥਾਰਟੀਜ਼ ਨੂੰ ਲਾਗੂ ਕਰਨ ਲਈ 31 ਮਿਲੀਅਨ ਡਾਲਰ ਦੀ ਹੋਰ ਸਹਾਇਤਾ;
- ਕ੍ਰਿਸਟਲ ਮੈੱਥਐਮਫੈਟਾਮੀਨ ਦੇ ਉਤਪਾਦਨ ਅਤੇ ਵਰਤੋਂ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਦਾ ਏਕੀਕਰਣ ਅਤੇ ਤਾਲਮੇਲ ਕਰਨ ਲਈ ਕ੍ਰਿਸਟਲ ਮੈੱਥ ਸੈਕਰੇਟਰੀਏਟ ਲਈ 2 ਮਿਲੀਅਨ ਡਾਲਰ;
- ਕੇ-12 ਪੜ੍ਹਾਈ ਲਈ 112 ਮਿਲੀਅਨ ਡਾਲਰ ਦੇ ਹੋਰ ਫੰਡ; ਅਤੇ
- ਸਕੂਲ ਸਟਾਰਟ-ਅੱਪ ਸਪਲੀਮੈਂਟ ਨੂੰ ਦੁੱਗਣਾ ਕਰਨ ਲਈ 4 ਮਿਲੀਅਨ ਡਾਲਰ – ਜੋ ਕਿ 1993 ਤੋਂ ਬਾਅਦ ਹੋਇਆ ਪਹਿਲਾ ਵਾਧਾ ਹੈ – ਤਾਂ ਜੋ ਇਨਕਮ ਅਸਿਸਟੈਂਸ ਲੈ ਰਹੇ ਪਰਿਵਾਰਾਂ ਦੇ ਸਕੂਲ ਜਾਣ ਦੀ ਉਮਰ ਦੇ ਤਕਰੀਬਨ 29000 ਬੱਚਿਆਂ ਦੀ ਸਕੂਲ ਜਾਣਾ ਸ਼ੁਰੂ ਕਰਨ ਦੇ ਖਰਚਿਆਂ ਵਿਚ ਮਦਦ ਕੀਤੀ ਜਾ ਸਕੇ।

## ਫੈਮਿਲੀ ਇੰਡੀਪੈਨਡੈਂਸ ਫੰਡ

ਫੈਮਿਲੀ ਇੰਡੀਪੈਨਡੈਂਸ ਫੰਡ (ਪਰਿਵਾਰਾਂ ਦੀ ਸਵੈ-ਨਿਰਭਰਤਾ ਲਈ ਫੰਡ) ਲਈ 30 ਮਿਲੀਅਨ ਡਾਲਰ ਦੀ ਗਰਾਂਟ, ਉਨ੍ਹਾਂ ਪਰਿਵਾਰਾਂ ਦੀ ਖਾਸ ਸਾਜ਼-ਸਾਮਾਨ ਖਰੀਦਣ ਜਾਂ ਘਰ ਵਿਚ ਤਬਦੀਲੀਆਂ ਕਰਨ ਵਿਚ ਮਦਦ ਕਰੇਗੀ ਜਿਨ੍ਹਾਂ ਦੀ ਉਨ੍ਹਾਂ ਨੂੰ ਆਪਣੇ ਘਰਾਂ ਵਿਚ ਆਪਣੇ ਅਪਾਹਜ ਬੱਚਿਆਂ ਜਾਂ ਬਾਲਗਾਂ ਨੂੰ ਰੱਖਣ ਦੀ ਲੋੜ ਹੈ।

### ਇਸ ਦਾ ਕੀ ਮਤਲਬ ਹੈ:

**3,050**
ਹੋਰ ਬੱਚਿਆਂ ਨੂੰ ਇਨਫੈਂਟ ਡਿਵੈਲਪਮੈਂਟ ਪ੍ਰੋਗਰਾਮ ਤੋਂ ਫਾਇਦਾ ਹੋਵੇਗਾ;

**5,200**
ਹੋਰ ਬੱਚਿਆਂ ਅਤੇ ਜਵਾਨਾਂ ਨੂੰ ਇਲਾਜ ਦੇ ਪ੍ਰੋਗਰਾਮਾਂ ਤੋਂ ਫਾਇਦਾ ਹੋਵੇਗਾ;

**1,150**
ਹੋਰ ਖਾਸ ਲੋੜਾਂ ਵਾਲੇ ਬੱਚੇ ਉਹ ਸਹਾਇਤਾ ਸੇਵਾਵਾਂ ਲੈਣਗੇ ਜਿਨ੍ਹਾਂ ਦੀ ਉਨ੍ਹਾਂ ਨੂੰ ਆਮ ਚਾਇਲਡ ਕੇਅਰ ਵਿਚ ਸ਼ਾਮਲ ਹੋਣ ਲਈ ਲੋੜ ਹੈ;

**1,000**
ਬੱਚੇ ਫੀਟਲ ਅਲਕੋਹਲ ਸਪੈਕਟਰੱਮ ਡਿਸਔਰਡਰ ਅਤੇ ਵਿਕਾਸ ਨਾਲ ਸੰਬੰਧਿਤ ਹੋਰ ਦਖਲਅੰਦਾਜ਼ੀ ਦੀਆਂ ਖਾਸ ਸੇਵਾਵਾਂ ਲੈਣਗੇ;

**800**
ਹੋਰ ਪਰਿਵਾਰ ਆਰਾਮ ਦਿਵਾਉਣ ਵਾਲੀਆਂ ਸੇਵਾਵਾਂ ਤੋਂ ਫਾਇਦਾ ਲੈਣਗੇ;

**650**
ਹੋਰ ਬੱਚਿਆਂ ਨੂੰ ਗੁੰਝਲਦਾਰ ਲੋੜਾਂ ਨਾਲ ਸੰਬੰਧਿਤ ਖਾਸ ਸੇਵਾਵਾਂ ਮਿਲਣਗੀਆਂ।

## ਹੁਨਰ ਅਤੇ ਟਰੇਨਿੰਗ

*ਬੈਲੇਂਸਡ ਬੱਜਟ 2006* ਟਰੇਨਿੰਗ ਅਤੇ ਹੁਨਰਾਂ ਦੇ ਵਿਕਾਸ ਵਿਚ ਵਾਧਾ ਕਰਨ ਲਈ ਅਤੇ ਜ਼ਿਆਦਾ ਲੋਕਾਂ ਨੂੰ ਮੌਕਿਆਂ ਨਾਲ ਜੋੜਣ ਅਤੇ ਆਪਣੀਆਂ ਸੰਭਾਵਨਾਵਾਂ ਦੀ ਪੂਰਤੀ ਕਰਨ ਵਿਚ ਮਦਦ ਕਰਨ ਲਈ ਚਾਰ ਸਾਲਾਂ ਦੇ ਸਮੇਂ ਦੌਰਾਨ ਹੋਰ 400 ਮਿਲੀਅਨ ਡਾਲਰ ਪ੍ਰਦਾਨ ਕਰਦਾ ਹੈ। ਨਵੇਂ ਉੱਦਮਾਂ ਵਿਚ ਸ਼ਾਮਲ ਹਨ:

> ਇਕ ਨਵੇਂ ਟੈਕਸ ਕਰੈਡਿਟ ਪ੍ਰੋਗਰਾਮ ਲਈ 90 ਮਿਲੀਅਨ ਡਾਲਰ, ਜੋ ਰਵਾਇਤੀ ਕਨਸਟਰੱਕਸ਼ਨ ਟਰੇਡਾਂ ਅਤੇ ਉਭਰ ਰਹੀਆਂ ਇੰਡਸਟਰੀਆਂ ਵਿਚ ਟਰੇਨਿੰਗ ਦੇ ਮੌਕਿਆਂ ਵਿਚ ਵਾਧਾ ਕਰਨ ਲਈ ਇੰਡਸਟਰੀ ਦੀ ਸਲਾਹ ਨਾਲ ਤਿਆਰ ਕੀਤਾ ਜਾਵੇਗਾ;

> ਸਰਕਾਰੀ ਅਤੇ ਪ੍ਰਾਈਵੇਟ ਟਰੇਨਿੰਗ ਸੰਸਥਾਵਾਂ ਰਾਹੀਂ ਅਪ੍ਰੈਂਟਿਸਸ਼ਿਪ ਟਰੇਨਿੰਗ ਵਧਾਉਣ ਲਈ ਇੰਡਸਟਰੀ ਟਰੇਨਿੰਗ ਅਥਾਰਟੀ ਲਈ 39 ਮਿਲੀਅਨ ਡਾਲਰ;

> ਆਰਥਿਕ ਵਿਕਾਸ ਅਤੇ ਗਰਾਂਟਾਂ ਅਤੇ ਫੈਲੋਸ਼ਿਪਸ ਨਾਲ ਸਇੰਸਾਂ ਅਤੇ ਇੰਜਨੀਅਰਿੰਗ ਵਿਚ ਖੋਜ ਰਾਹੀਂ ਵਿਭਿੰਨਤਾ ਦਾ ਸਮਰਥਨ ਕਰਨ ਲਈ ਨੈਚੁਰਲ ਰੀਸੋਰਸ ਐਂਡ ਅਪਲਾਈਡ ਸਾਇੰਸ ਇੰਡੋਮੈਂਟ ਲਈ 50 ਮਿਲੀਅਨ ਡਾਲਰ;

> ਈ ਐੱਸ ਐੱਲ ਟਰੇਨਿੰਗ ਲਈ 5 ਮਿਲੀਅਨ ਡਾਲਰ ਦੇ ਹੋਰ ਫੰਡ, ਜਿਸ ਨਾਲ ਨਵੇਂ ਇਮੀਂਗਰਾਂਟਾਂ ਨੂੰ ਕੰਮ 'ਤੇ ਜ਼ਿਆਦਾ ਛੇਤੀ ਲੱਗਣ ਵਿਚ ਮਦਦ ਮਿਲੇਗੀ;

> ਬਲੇਡਰੱਨਰਜ਼ ਪ੍ਰੋਗਰਾਮ ਨੂੰ ਹੋਰ ਕਮਿਉਨਟੀਆਂ ਤੱਕ ਲਿਜਾਣ ਲਈ 3 ਮਿਲੀਅਨ ਡਾਲਰ, ਜੋ ਕਿ ਪਿੱਛੇ ਰਹਿ ਗਏ ਅਤੇ ਕਈ ਤਰ੍ਹਾਂ ਦੀਆਂ ਰੁਕਾਵਟਾਂ ਦਾ ਸਾਹਮਣਾ ਕਰ ਰਹੇ ਜਵਾਨਾਂ ਨੂੰ ਕੰਮ ਵਾਲੇ ਸਥਾਨ 'ਤੇ ਕਨਸਟਰੱਕਸ਼ਨ ਦੀ ਟਰੇਨਿੰਗ ਅਤੇ ਅਪ੍ਰੈਂਟਿਸਸ਼ਿਪ ਦਾ ਇਨਾਮ-ਜੇਤੂ ਪ੍ਰੋਗਰਾਮ ਹੈ;


> ਫਸਟ ਨੇਸ਼ਨਜ਼ ਕਮਿਉਨਟੀਆਂ ਵਿਚ ਕੰਪਿਊਟਰ ਟਰੇਨਿੰਗ ਅਤੇ ਕੰਪਿਊਟਰਾਂ ਤੱਕ ਪਹੁੰਚ ਪ੍ਰਦਾਨ ਕਰਨ ਵਾਲੇ ਸੈਂਟਰ ਕਾਇਮ ਕਰਨ ਲਈ 17 ਮਿਲੀਅਨ ਡਾਲਰ;

> ਮਿਨਰਲਾਂ (ਖਣਿਜ ਪਦਾਰਥਾਂ) ਦੀ ਖੋਜ ਅਤੇ ਖਾਣਾਂ ਸਬੰਧੀ ਟਰੇਨਿੰਗ, ਅਤੇ ਜਵਾਨਾਂ ਲਈ ਕੱਚੀਆਂ ਧਾਤਾਂ ਦੇ ਨਮੂਨਿਆਂ ਅਤੇ ਵਾਤਾਵਰਣ ਨਾਲ ਸੰਬੰਧਿਤ ਅਧਿਐਨਾਂ ਦੇ ਸਿੱਧੇ ਤਜਰਬਿਆਂ ਲਈ 2 ਮਿਲੀਅਨ ਡਾਲਰ;

> ਇਨਕਮ ਅਸਿਸਟੈਂਸ ਲੈ ਰਹੇ ਹੋਰ 2500 ਵਿਅਕਤੀਆਂ ਨੂੰ ਆਪਣੇ ਵਾਲੰਟੀਅਰ (ਸਮਾਜ-ਸੇਵੀ) ਕੰਮ ਲਈ ਕੱਪੜਿਆਂ ਅਤੇ ਹੋਰ ਖਰਚਿਆਂ ਲਈ ਹਰ ਮਹੀਨੇ 100 ਡਾਲਰ ਤੱਕ ਦੀ ਸਹਾਇਤਾ ਦੇਣ ਲਈ 9 ਮਿਲੀਅਨ ਡਾਲਰ ਜਿਹੜਾ ਕੰਮ ਉਹ ਕਮਿਉਨਟੀ ਵਾਲੰਟੀਅਰ ਪ੍ਰੋਗਰਾਮ ਰਾਹੀਂ ਆਪਣੀਆਂ ਕਮਿਉਨਟੀਆਂ ਵਿਚ ਕਰਦੇ ਹਨ; ਅਤੇ

> ਨਵੇਂ ਵਿਦਿਆਰਥੀਆਂ ਲਈ ਸਾਲ 2010 ਤੱਕ 25000 ਹੋਰ ਸੀਟਾਂ ਪੈਦਾ ਕਰਨ ਲਈ ਪੋਸਟ-ਸੈਕੰਡਰੀ ਸੰਸਥਾਵਾਂ ਨੂੰ 145 ਮਿਲੀਅਨ ਡਾਲਰ ਦੇ ਹੋਰ ਓਪਰੇਟਿੰਗ ਫੰਡ।

## ਪੋਸਟ-ਸੈਕੰਡਰੀ ਪੜ੍ਹਾਈ ਦੇ ਬੱਜਟ ਵਿਚ ਵਾਧੇ




*ਬੈਲੇਂਸਡ ਬੱਜਟ 2006 ਪੋਸਟ ਸੈਕੰਡਰੀ ਪੜ੍ਹਾਈ ਲਈ ਹੋਰ 161 ਮਿਲੀਅਨ ਡਾਲਰ ਪ੍ਰਦਾਨ ਕਰਦਾ ਹੈ। ਵਿਦਿਆਰਥੀਆਂ ਲਈ ਨਵੀਂਆਂ ਸੀਟਾਂ ਪੈਦਾ ਕਰਨ ਅਤੇ ਪੜ੍ਹਾਈ ਦੀਆਂ ਫੀਸਾਂ ਨੂੰ ਸੀਮਤ ਰੱਖਣ ਲਈ ਪਹਿਲਾਂ ਐਲਾਨੇ ਗਏ ਵਾਧਿਆਂ ਨਾਲ ਰਲ ਕੇ ਨਵੇਂ ਫੰਡਾਂ ਦੀ ਇਹ ਰਕਮ 461 ਮਿਲੀਅਨ ਡਾਲਰ ਬਣ ਜਾਂਦੀ ਹੈ।*

## ਡਿਜ਼ੀਟਲ ਮੀਡੀਆ ਦੀ ਪੜ੍ਹਾਈ ਲਈ ਵਲਡ ਸੈਂਟਰ

ਇੰਡਸਟਰੀ ਦੀ ਭਾਈਵਾਲੀ ਨਾਲ, ਡਿਜ਼ੀਟਲ ਮੀਡੀਆ ਵਿਚ ਇਕ ਨਵਾਂ ਗਰੈਜੂਏਟ ਪ੍ਰੋਗਰਾਮ ਤਿਆਰ ਕਰਨ ਲਈ ਅਤੇ ਕੈਨੇਡਾ ਦੇ ਸੱਭ ਤੋਂ ਵੱਡੇ ਡਿਜ਼ੀਟਲ ਮੀਡੀਆ ਕੇਂਦਰ ਵਜੋਂ ਸੂਬੇ ਦੀ ਸਥਿਤੀ ਦਾ ਫਾਇਦਾ ਉਠਾਉਣ ਲਈ *ਬੈਲੇਂਸਡ ਬੱਜਟ 2006* 40.5 ਮਿਲੀਅਨ ਡਾਲਰ ਪ੍ਰਦਾਨ ਕਰਦਾ ਹੈ।

## ਖੋਜ ਅਤੇ ਨਵੀਂਆਂ ਕਾਢਾਂ ਦੀ ਮਦਦ ਕਰਨਾ

ਉਭਰ ਰਹੀਆਂ ਇੰਡਸਟਰੀਆਂ ਨੂੰ ਉਤਸ਼ਾਹ ਦੇਣ ਲਈ ਅਤੇ ਹੁਨਰਮੰਦ ਖੋਜੀਆਂ ਨੂੰ ਆਕਰਸ਼ਤ, ਸਿਖਲਾਈ ਦੇਣ ਅਤੇ ਉਨ੍ਹਾਂ ਦੀ ਮਦਦ ਕਰਨ ਲਈ ਲਈ *ਬੈਲੇਂਸਡ ਬੱਜਟ 2006* ਖੋਜ ਅਤੇ ਨਵੀਂਆਂ ਕਾਢਾਂ ਲਈ ਹੋਰ 134 ਮਿਲੀਅਨ ਡਾਲਰ ਦਿੰਦਾ ਹੈ:

> ਜੀਨੋਮ ਬੀ ਸੀ ਲਈ 45 ਮਿਲੀਅਨ ਡਾਲਰ;

> ਮਾਈਕਲ ਸਮਿੱਥ ਫਾਉਂਡੇਸ਼ਨ ਲਈ 70 ਮਿਲੀਅਨ ਡਾਲਰ;

> ਕੈਨੇਡੀਅਨ ਕੈਂਸਰ ਸੁਸਾਇਟੀ ਦੇ ਬੀ.ਸੀ. ਅਤੇ ਯੂਕੋਨ ਡਵੀਜ਼ਨ ਵਿਚ ਕੈਂਸਰ ਚੇਅਰ ਲਈ ਖੋਜ ਦੇ ਫੰਡਾਂ ਲਈ 4 ਮਿਲੀਅਨ ਡਾਲਰ; ਅਤੇ

> ਪੈਸੇਫਿਕ ਅਲਜ਼ਾਈਮਰਜ਼ ਰੀਸਰਚ ਫਾਉਂਡੇਸ਼ਨ ਲਈ 15 ਮਿਲੀਅਨ ਡਾਲਰ

## ਘਰ ਮਾਲਕਾਂ ਲਈ ਟੈਕਸ ਵਿਚ ਕਟੌਤੀਆਂ

*ਬੈਲੇਂਸਡ ਬੱਜਟ 2006* ਘਰ-ਮਾਲਕੀ ਨੂੰ ਜ਼ਿਆਦਾ ਵਾਰਾ ਖਾਣ ਯੋਗ ਬਣਾਉਣ ਵਿਚ ਮਦਦ ਕਰਦਾ ਹੈ। ਇਹ ਬੱਜਟ ਘਰ-ਮਾਲਕੀ ਲਈ ਗਰਾਂਟ ਦੇ ਪ੍ਰੋਗਰਾਮ ਵਿਚ ਸੁਧਾਰ ਕਰਨ ਲਈ ਚਾਰ ਸਾਲਾਂ ਦੇ ਸਮੇਂ ਲਈ 309 ਮਿਲੀਅਨ ਡਾਲਰ ਪ੍ਰਦਾਨ ਕਰਦਾ ਹੈ:

> ਬੇਸਿਕ (ਮੁਢਲੀ) ਗਰਾਂਟ 22 ਫੀਸਦੀ ਵਧ ਕੇ 570 ਡਾਲਰ ਹੋ ਜਾਵੇਗੀ – 1993 ਤੋਂ ਬਾਅਦ ਗਰਾਂਟ ਦੀ ਰਕਮ ਵਿਚ ਪਹਿਲਾ ਵਾਧਾ – ਅਤੇ ਬਜ਼ੁਰਗਾਂ, ਅਪਾਹਜ ਵਿਅਕਤੀਆਂ ਅਤੇ ਸਾਬਕਾ ਫੌਜੀਆਂ ਲਈ ਇਹ ਗਰਾਂਟ 745 ਡਾਲਰ ਤੋਂ ਵਧ ਕੇ 845 ਡਾਲਰ ਹੋ ਜਾਵੇਗੀ।

> ਜਿਵੇਂ ਕਿ ਜਨਵਰੀ ਵਿਚ ਐਲਾਨ ਕੀਤਾ ਗਿਆ ਸੀ, ਘਰ-ਮਾਲਕ ਘਰ ਦੀ ਕੀਮਤ ਦੀ ਜਿਸ ਸੀਮਾ ਤੱਕ ਪੂਰੀ ਗਰਾਂਟ ਦੇ ਹੱਕਦਾਰ ਬਣਦੇ ਹਨ, ਉਹ ਸੀਮਾ 780000 ਡਾਲਰ ਤੱਕ ਵਧ ਜਾਵੇਗੀ – ਇਹ ਤਬਦੀਲੀ ਇਹ ਪੱਕਾ ਕਰਦੀ ਹੈ ਕਿ 95 ਫੀਸਦੀ ਤੋਂ ਜ਼ਿਆਦਾ ਘਰ-ਮਾਲਕ ਪੂਰੀ ਗਰਾਂਟ ਦੇ ਹੱਕਦਾਰ ਰਹਿਣਗੇ; ਅਤੇ

> ਵਾਧੂ ਗਰਾਂਟ ਲਈ ਹੱਕਦਾਰੀ ਵਿਚ ਅਪਾਹਜਤਾਵਾਂ ਵਾਲੇ ਜ਼ਿਆਦਾ ਲੋਕ ਸ਼ਾਮਲ ਕੀਤੇ ਜਾਣਗੇ।

## ਟੈਕਸਾਂ ਨੂੰ ਵਾਜਬ ਅਤੇ ਮੁਕਾਬਲੇ ਵਾਲੇ ਰੱਖਣਾ

ਹੋਮ ਓਨਰ ਗਰਾਂਟ (ਘਰ-ਮਾਲਕਾਂ ਲਈ ਗਰਾਂਟ) ਪ੍ਰੋਗਰਾਮ ਵਿਚ ਸੁਧਾਰਾਂ ਸਮੇਤ, *ਬੈਲੇਂਸਡ ਬੱਜਟ 2006* ਚਾਰ ਸਾਲਾਂ ਦੇ ਸਮੇਂ ਵਿਚ 733 ਮਿਲੀਅਨ ਡਾਲਰ ਦੀ ਟੈਕਸ ਕਟੌਤੀ ਕਰਦਾ ਹੈ, ਜਿਸ ਵਿਚੋਂ ਦੋ-ਤਿਹਾਈ ਰਕਮ ਦਾ ਫਾਇਦਾ ਲੋਕਾਂ ਨੂੰ ਹੁੰਦਾ ਹੈ ਅਤੇ ਬਾਕੀ ਕਾਰੋਬਾਰੀ ਟੈਕਸਾਂ ਨੂੰ ਮੁਕਾਬਲੇ ਵਾਲੀ ਰੱਖਦੀ ਹੈ। ਟੈਕਸ ਕਟੌਤੀਆਂ ਵਿਚ ਸ਼ਾਮਲ ਹਨ:

> ਕੰਪਿਊਟਰ ਸੌਫਟਵੇਅਰ ਦੀ ਮੁਰੰਮਤ ਜਾਂ ਸੁਧਾਰ ਲਈ ਲੇਬਰ ਦੇ ਖਰਚਿਆਂ 'ਤੇ ਪੀ ਐੱਸ ਟੀ ਨੂੰ ਖਤਮ ਕਰਨਾ;

> ਮਸ਼ੀਨਰੀ ਅਤੇ ਸਾਜ਼-ਸਾਮਾਨ ਲਈ ਪੀ ਐੱਸ ਟੀ ਛੋਟਾਂ ਨੂੰ ਵਧਾਉਣਾ ਅਤੇ ਸਪਸ਼ਟ ਕਰਨਾ;

> ਬ੍ਰਿਟਿਸ਼ ਕੋਲੰਬੀਆ ਵਿਚ ਮਿਨਰਲਾਂ ਦੀ ਖੋਜ ਲਈ ਪੂੰਜੀ ਇਕੱਠੇ ਕਰਨ ਨੂੰ ਉਤਸ਼ਾਹਤ ਕੀਤੇ ਜਾਣਾ ਕਾਇਮ ਰੱਖਣ ਲਈ ਬੀ.ਸੀ. ਮਾਈਨਿੰਗ ਫਲੋ-ਥਰੂ ਸ਼ੇਅਰ ਟੈਕਸ ਕਰੈਡਿਟ ਦਾ ਪਸਾਰ ਕਰਨਾ;


> ਕਲਰਡ (ਰੰਗਦਾਰ) ਫਿਊਲ ਦੀ ਯੋਗ ਵਰਤੋਂ ਨੂੰ ਵਧਾਉਣਾ;

> ਕਾਰਾਂ/ਗੱਡੀਆਂ ਲਈ ਪੀ ਐੱਸ ਟੀ ਸਰਟੈਕਸ ਦੀ ਸੀਮਾ 49,000 ਡਾਲਰ ਤੋਂ ਵਧਾ ਕੇ 55000 ਡਾਲਰ ਕਰਨਾ, ਜਿਸ ਨਾਲ ਬ੍ਰਿਟਿਸ਼ ਕੋਲੰਬੀਆ ਦੇ ਉਨ੍ਹਾਂ ਲੋਕਾਂ ਨੂੰ ਫਾਇਦਾ ਹੋਵੇਗਾ ਜਿਨ੍ਹਾਂ ਨੂੰ ਡੀਜ਼ਲ 'ਤੇ ਚੱਲਣ ਵਾਲੇ ਪਿੱਕਅੱਪ ਟਰੱਕ ਅਤੇ ਅਜਿਹੀਆਂ ਹੋਰ ਗੱਡੀਆਂ ਬਿਨਾਂ ਸਰਟੈਕਸ ਦਿੱਤੇ ਕੰਮ ਲਈ ਖਰੀਦਣ ਦੀ ਲੋੜ ਹੈ;

> ਸਮਾਲ ਬਿਜ਼ਨਸ ਵੈਂਚਰ ਕੈਪੀਟਲ ਟੈਕਸ ਕਰੈਡਿਟ ਪ੍ਰੋਗਰਾਮ ਨੂੰ 20 ਮਿਲੀਅਨ ਡਾਲਰ ਤੋਂ ਵਧਾ ਕੇ 25 ਮਿਲੀਅਨ ਡਾਲਰ ਕਰਨਾ।

## ਟੈਕਸਾਂ ਵਿਚ ਤਬਦੀਲੀਆਂ

### 2001 ਬਨਾਮ 2006




2001 ਲਈ ਟੈਕਸਾਂ ਦਾ ਹਿਸਾਬ ਜੂਨ 2001 ਤੋਂ ਪਹਿਲਾਂ ਲਾਗੂ ਰੇਟਾਂ ਨੂੰ ਆਧਾਰ ਬਣ ਕੇ ਲਾਇਆ ਗਿਆ ਹੈ; 2006 ਲਈ ਟੈਕਸਾਂ ਦਾ ਹਿਸਾਬ 2006 ਦੇ ਬੱਜਟ ਵਿਚ ਐਲਾਨੇ ਗਏ ਰੇਟਾਂ ਨੂੰ ਆਧਾਰ ਬਣਾ ਕੇ ਲਾਇਆ ਗਿਆ ਹੈ।

ਇਸ ਵਿਚ ਸੂਬਾਈ ਨਿੱਜੀ ਇਨਕਮ ਟੈਕਸ, ਐੱਮ ਐੱਸ ਪੀ ਪ੍ਰੀਮੀਅਮ, ਫਿਊਲ ਟੈਕਸ, ਸੇਲਜ਼ ਟੈਕਸ ਅਤੇ ਅੰਦਾਜ਼ਨ ਮਿਊਂਸਪਲ ਪ੍ਰਾਪਰਟੀ ਟੈਕਸ ਸ਼ਾਮਲ ਹਨ।

ਹੋਮ ਓਨਰ ਗਰਾਂਟ ਵਿਚ ਸੁਧਾਰ, ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਤੋਂ ਟੈਕਸਾਂ ਦਾ ਭਾਰ ਘਟਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ ਦੀ ਲੜੀ ਵਿਚ ਇਕ ਤਾਜ਼ਾ ਕਦਮ ਹੈ।

2001 ਵਿਚ, ਇਨਕਮ ਟੈਕਸ ਔਸਤਨ 25 ਫੀਸਦੀ ਘਟਾਏ ਗਏ ਸਨ। ਬ੍ਰਿਟਿਸ਼ ਕੋਲੰਬੀਆ ਦੇ ਨਿੱਜੀ ਇਨਕਮ ਟੈਕਸ ਰੇਟ ਹੇਠਲੇ ਦੋ ਟੈਕਸ ਵਰਗਾਂ ਲਈ ਹੁਣ ਕੈਨੇਡਾ ਵਿਚ ਸੱਭ ਤੋਂ ਘੱਟ ਹਨ।

ਪਿਛਲੇ ਸਾਲ, ਘੱਟ ਆਮਦਨ ਵਾਲੇ ਲੋਕਾਂ ਦੇ ਫਾਇਦੇ ਲਈ ਹੋਰ ਇਨਕਮ ਟੈਕਸ ਅਤੇ ਐੱਮ ਐੱਸ ਪੀ ਪ੍ਰੀਮੀਅਮ ਵਿਚ ਕਟੌਤੀਆਂ ਕੀਤੀਆਂ ਗਈਆਂ ਸਨ। ਇਸ ਵੇਲੇ ਹਰ ਸਾਲ 16000 ਡਾਲਰ ਤੱਕ ਕਮਾਉਣ ਵਾਲੇ ਬਹੁਤੇ ਲੋਕ ਬਿਲਕੁਲ ਕੋਈ ਸੂਬਾਈ ਇਨਕਮ ਟੈਕਸ ਨਹੀਂ ਦਿੰਦੇ।

## ਇਸ ਦਾ ਕੀ ਮਤਲਬ ਹੈ:

30000 ਡਾਲਰ ਦੀ ਸਲਾਨਾ ਆਮਦਨ ਵਾਲਾ ਬਜ਼ੁਰਗ ਜੋੜਾ ਹੁਣ ਸਾਲ 2001 ਨਾਲੋਂ 1000 ਡਾਲਰ ਘੱਟ ਸੂਬਾਈ ਟੈਕਸ ਦਿੰਦਾ ਹੈ।

30000 ਡਾਲਰ ਦੀ ਸਲਾਨਾ ਆਮਦਨ ਵਾਲਾ ਚਾਰ ਜੀਆਂ ਦਾ ਪਰਿਵਾਰ ਹੁਣ ਸਾਲ 2001 ਨਾਲੋਂ 1350 ਡਾਲਰ ਘੱਟ ਸੂਬਾਈ ਟੈਕਸ ਦਿੰਦਾ ਹੈ।

# ਬੀ.ਸੀ. ਦੀ ਸਮਝੌਤਿਆਂ ਲਈ ਯੋਜਨਾ

ਬੈਲੇਂਸਡ ਬੱਜਟ 2006 ਦੀ ਸੱਭ ਤੋਂ ਵੱਡੀ ਵਚਨਬੱਧਤਾ, ਬ੍ਰਿਟਿਸ਼ ਕੋਲੰਬੀਆ ਦੇ 300000 ਪਬਲਿਕ ਸੈਕਟਰ (ਸਰਕਾਰੀ ਖੇਤਰ ਦੇ) ਵਰਕਰਾਂ ਦੀਆਂ ਤਨਖਾਹਾਂ ਵਿਚ ਵਾਧਿਆਂ ਲਈ 6 ਬਿਲੀਅਨ ਡਾਲਰ ਤੱਕ ਦੇ ਫੰਡ ਰੱਖਣਾ ਹੈ।

ਇਸ ਨੂੰ ਠੀਕ ਪਿਛੋਕੜ ਵਿਚ ਦੇਖੀਏ ਤਾਂ 6 ਬਿਲੀਅਨ ਡਾਲਰ ਨਿਊ ਬਰੱਨਜ਼ਵਿਕ ਸੂਬੇ ਦੇ ਸਲਾਨਾ ਬੱਜਟ ਨਾਲੋਂ ਜ਼ਿਆਦਾ ਹਨ ਅਤੇ ਇਹ ਸਾਲ 2009/10 ਤੱਕ ਦੀ ਅਨੁਮਾਨਿਤ ਵਿੱਤੀ ਗੁੰਜਾਇਸ਼ ਦੇ ਅੱਧੇ ਪੈਸੇ ਬਣਦੇ ਹਨ। ਮੌਜੂਦ ਵਿੱਤੀ ਗੁੰਜਾਇਸ਼ ਦਾ ਦੂਜਾ ਅੱਧ ਉਨ੍ਹਾਂ ਸਾਰੇ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਮਦਦ ਲਈ ਹੈ ਜਿਨ੍ਹਾਂ 'ਤੇ ਬ੍ਰਿਟਿਸ਼ ਕੋਲੰਬੀਆ ਦੇ ਲੋਕ ਨਿਰਭਰ ਕਰਦੇ ਹਨ, ਜਿਸ ਵਿਚ ਹੈਲਥ ਕੇਅਰ ਅਤੇ ਵਿਦਿਆ ਦੀਆਂ ਸੇਵਾਵਾਂ ਸ਼ਾਮਲ ਹਨ। ਯੋਜਨਾ ਇਹ ਲਾਜ਼ਮੀ ਬਣਾਉਂਦੀ ਹੈ:


> ਸਮਝੌਤੇ (ਐਗਰੀਮੈਂਟ) ਕਰਨ ਨੂੰ ਉਤਸ਼ਾਹ ਦੇਣ ਲਈ 2005/06 ਵਿਚ 1 ਬਿਲੀਅਨ ਡਾਲਰ;

> ਸਲਾਨਾ ਮੁਆਵਜ਼ਿਆਂ ਵਿਚ ਵਾਧਿਆਂ ਲਈ 4 ਸਾਲਾਂ ਦੇ ਸਮੇਂ ਦੌਰਾਨ 4.7 ਬਿਲੀਅਨ ਡਾਲਰ; ਅਤੇ

> 2009/10 ਵਿਚ ਉਨ੍ਹਾਂ ਐਗਰੀਮੈਂਟਾਂ ਲਈ 300 ਮਿਲੀਅਨ ਡਾਲਰ ਹੋਰ, ਜਿਹੜੇ 31 ਮਾਰਚ, 2010 ਜਾਂ ਬਾਅਦ ਤੱਕ ਚਲਦੇ ਰਹਿਣਗੇ, ਪਰ ਇਸ ਦੇ ਲਾਗੂ ਹੋਣ ਲਈ ਸਰਪਲੱਸ 150 ਮਿਲੀਅਨ ਡਾਲਰ ਤੋਂ ਜ਼ਿਆਦਾ ਹੋਣਾ ਜ਼ਰੂਰੀ ਹੈ।

ਸਮਝੌਤਿਆਂ ਲਈ ਗੱਲਬਾਤ ਦੀ ਯੋਜਨਾ ਪੁਰਾਣੀ ਯੋਜਨਾ "ਇਕ ਸਾਈਜ਼ ਸਾਰਿਆਂ ਦੇ ਮੇਚ" ਦੀ ਥਾਂ ਲੈਂਦੀ ਹੈ ਅਤੇ ਟੈਕਸ ਦਾਤਿਆਂ ਲਈ ਮੁਆਵਜ਼ੇ ਦੇ ਇਕਰਾਰਨਾਮਿਆਂ ਲਈ ਸੇਧ ਦੇਣ ਵਾਲੇ ਸਿਧਾਂਤ ਵਜੋਂ ਵਾਰਾ ਖਾਣ ਯੋਗਤਾ, ਜਾਰੀ ਰਹਿਣ ਯੋਗਤਾ ਅਤੇ ਬਿਹਤਰ ਸੇਵਾਵਾਂ ਕਾਇਮ ਰੱਖਣ ਲਈ ਜ਼ਿਆਦਾ ਲਚਕਸ਼ੀਲ ਅਤੇ ਸਿਰਜਣਸ਼ੀਲ ਪਹੁੰਚ ਅਪਣਾਉਂਦੀ ਹੈ।


## ਸਮਝੌਤਿਆਂ ਦੀ ਯੋਜਨਾ ਲਈ 6 ਬਿਲੀਅਨ ਡਾਲਰ ਤੱਕ






*ਸੂਬਾਈ ਪਬਲਿਕ ਸੈਕਟਰ ਵਿਚ ਤਕਰੀਬਨ 258000 ਯੂਨੀਅਨਾਂ ਵਾਲੇ ਵਰਕਰ ਅਤੇ 42000 ਮੈਨੇਜਮੈਂਟ ਅਤੇ ਹੋਰ ਨੌਨ-ਯੂਨੀਅਨਾਂ ਵਾਲੇ ਮੁਲਾਜ਼ਮ ਕੰਮ ਕਰਦੇ ਹਨ।*

## ਪਬਲਿਕ ਸੈਕਟਰ ਮੁਆਵਜ਼ੇ 2005/06




2005/06 ਦਾ ਤਕਰੀਬਨ ਅੱਧਾ ਬੱਜਟ (17.2 ਬਿਲੀਅਨ ਡਾਲਰ) ਪਬਲਿਕ ਸੈਕਟਰ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਲਈ ਫੰਡ ਦਿੰਦਾ ਹੈ।

ਹੈਲਥ ਕੇਅਰ ਅਤੇ ਪੜ੍ਹਾਈ ਦੋ ਵੱਡੇ ਖੇਤਰ ਹਨ ਜੋ ਕਿ ਇਸ ਵੇਲੇ ਸਮੁੱਚੇ ਮੁਆਵਜ਼ਿਆਂ ਦਾ ਤਕਰੀਬਨ 65 ਫੀਸਦੀ (11.4 ਬਿਲੀਅਨ ਡਾਲਰ) ਲੈ ਜਾਂਦੇ ਹਨ।

ਜਿਵੇਂ ਅਸੀਂ ਵਿੱਤੀ ਸਾਲ 2006/07 ਵੱਲ ਜਾ ਰਹੇ ਹਾਂ, ਮੁਆਵਜ਼ਿਆਂ ਦੇ ਖਰਚੇ ਅਤੇ ਵੱਖ ਵੱਖ ਖੇਤਰਾਂ 'ਤੇ ਉਨ੍ਹਾਂ ਦੇ ਅਸਰ ਸਮਝੌਤਿਆਂ ਦੀ ਯੋਜਨਾ ਅਧੀਨ ਹੋਏ ਇਕਰਾਰਨਾਮਿਆਂ ਮੁਤਾਬਕ ਬਦਲ ਜਾਣਗੇ।

## ਬੀ.ਸੀ. ਦੀਆਂ ਕਮਿਉਨਟੀਆਂ ਨੂੰ ਮਜ਼ਬੂਤ ਕਰਨਾ

*ਬੈਲੇਂਸਡ ਬੱਜਟ 2006* ਅਗਲੇ ਤਿੰਨ ਸਾਲਾਂ ਦੌਰਾਨ, ਲੋੜਵੰਦ ਵਿਅਕਤੀਆਂ ਦੀ ਰਿਹਾਇਸ-ਸੁਰੱਖਿਆ ਅਤੇ ਮਦਦ ਵਿਚ ਸੁਧਾਰ ਕਰਨ ਲਈ ਹੋਰ 191 ਮਿਲੀਅਨ ਡਾਲਰ ਲਾ ਕੇ ਬੀ.ਸੀ. ਦੀਆਂ ਕਮਿਉਨਟੀਆਂ ਨੂੰ ਮਜ਼ਬੂਤ ਕਰਨ ਦੀ ਸਰਕਾਰ ਦੀ ਵਚਨਬੱਧਤਾ ਨੂੰ ਮੁੜ ਕੇ ਪੱਕਾ ਕਰਦਾ ਹੈ। ਨਵੇਂ ਉੱਦਮਾਂ ਵਿਚ ਸ਼ਾਮਲ ਹਨ:

- ਬੇਘਰੇ ਲੋਕਾਂ ਦੀ ਰਿਹਾਇਸ਼ ਅਤੇ ਸਹਾਇਤਾ ਸੇਵਾਵਾਂ ਲਈ 8 ਮਿਲੀਅਨ ਡਾਲਰ;
- 16 ਮਿਲੀਅਨ ਡਾਲਰ ਵੈਲਫੇਅਰ ਲੈ ਰਹੇ ਲੋਕਾਂ ਨੂੰ ਲੋੜੀਂਦੀਆਂ ਸੇਵਾਵਾਂ ਲੈਣ ਵਿਚ ਮਦਦ ਕਰਨਗੇ, ਜਿਸ ਵਿਚ ਸਪਲੀਮੈਂਟਰੀ ਬੈਨੇਫਿਟਸ ਅਤੇ ਪ੍ਰੋਗਰਾਮਾਂ ਵਿਚ ਵਾਧੇ ਸ਼ਾਮਲ ਹਨ;
- ਘੱਟ ਆਮਦਨ ਵਾਲੇ ਹੱਕਦਾਰ ਬਜ਼ੁਰਗਾਂ ਅਤੇ ਅਪਾਹਜ ਵਿਅਕਤੀਆਂ ਲਈ ਸਹਾਇਕ ਰਹਿਣੀ ਅਤੇ ਮਦਦਗਾਰੀ ਰਿਹਾਇਸ਼ ਦੇ 548 ਹੋਰ ਯੂਨਿਟ ਪੈਦਾ ਕਰਨ ਲਈ 21 ਮਿਲੀਅਨ ਡਾਲਰ;
- ਟਰੈਫਿਕ ਜੁਰਮਾਨਿਆਂ ਵਿਚੋਂ ਮਿਉਂਸਪਿਲਟੀਆਂ ਨੂੰ 21 ਮਿਲੀਅਨ ਡਾਲਰ, ਜਿਸ ਨਾਲ ਕਮਿਉਨਟੀ ਵਿਚ ਪੁਲੀਸ ਵਧਾਉਣ, ਜੁਰਮ ਰੋਕਣ ਅਤੇ ਕਮਿਉਨਟੀਆਂ ਨੂੰ ਸੁਰੱਖਿਅਤ ਬਣਾਉਣ ਲਈ ਹੋਰ ਪ੍ਰੋਗਰਾਮ ਲਾਗੂ ਕਰਨ ਵਿਚ ਮਦਦ ਮਿਲੇਗੀ;
- ਸਮਾਲ ਕਮਿਉਨਟੀ ਅਤੇ ਰੀਜਨਲ ਡਿਸਟਰਿਕਟ ਗਰਾਂਟਾਂ ਵਧਾਉਣ ਲਈ 42 ਮਿਲੀਅਨ ਡਾਲਰ, ਜੋ ਕਿ ਇਨ੍ਹਾਂ ਗਰਾਂਟਾਂ ਨੂੰ ਸਾਲ 2009/10 ਤੱਕ ਦੁੱਗਣੀ ਕਰਨ ਦੀ ਸਰਕਾਰ ਦੀ ਵਚਨਬੱਧਤਾ ਦੇ ਅਨੁਕੂਲ ਹੈ;
- ਕਮਿਉਨਟੀ ਕੋਰਟ ਪਾਇਲਟ ਪ੍ਰੋਜੈਕਟ ਲਈ 3 ਮਿਲੀਅਨ ਡਾਲਰ ਜੋ ਕਿ ਸਟਰੀਟਾਂ 'ਤੇ ਹੋਣ ਵਾਲੇ ਜੁਰਮਾਂ ਪ੍ਰਤੀ ਕੀਤੀਆਂ ਜਾ ਸਕਣ ਵਾਲੀਆਂ ਜ਼ਿਆਦਾ ਅਸਰਦਾਰ ਕਾਰਵਾਈਆਂ ਦਾ ਪਤਾ ਲਾਵੇਗਾ;
- ਬੀ.ਸੀ. ਕੌਰੋਨਰਜ਼ ਸਰਵਿਸ ਦੀ ਸਮਰੱਥਾ ਵਧਾਉਣ ਅਤੇ ਪਿੱਛੇ ਪਏ ਕੰਮ ਨੂੰ ਘਟਾਉਣ ਲਈ 13 ਮਿਲੀਅਨ ਡਾਲਰ, ਜਿਸ ਵਿਚ ਬੱਚਿਆਂ ਦੀਆਂ ਮੌਤਾਂ ਦੀ ਪੜਤਾਲ ਵੀ ਸ਼ਾਮਲ ਹੈ।

## ਕਮਿਉਨਟੀ ਲਿਵਿੰਗ ਬੀ ਸੀ

ਜ਼ਿਆਦਾ ਗੰਭੀਰ ਲੋੜਾਂ ਵਾਲੇ ਜ਼ਿਆਦਾ ਲੋਕ ਹੁਣ ਰਿਹਾਇਸ਼ੀ ਅਤੇ ਡੇਅ ਸਪੋਰਟ ਸੇਵਾਵਾਂ ਤੱਕ ਪਹੁੰਚ ਕਰ ਰਹੇ ਹਨ। ਤਕਰੀਬਨ 2000 ਹੋਰ ਵਿਅਕਤੀਆਂ ਨੂੰ ਕਵਰ ਕਰਨ ਲਈ ਅਤੇ ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ 5300 ਬ੍ਰਿਟਿਸ਼ ਕੋਲੰਬੀਅਨਾਂ ਨੂੰ ਨਵੀਂਆਂ ਜਾਂ ਬਿਹਤਰ ਸੇਵਾਵਾਂ ਦੇਣ ਲਈ 67 ਮਿਲੀਅਨ ਡਾਲਰ ਕਮਿਉਨਟੀ ਲਿਵਿੰਗ ਸੇਵਾਵਾਂ ਵਿਚ ਵਾਧਾ ਕਰਨਗੇ।



*ਘੱਟ ਆਮਦਨ ਵਾਲੇ ਹੱਕਦਾਰ ਬਜ਼ੁਰਗਾਂ ਅਤੇ ਅਪਾਹਜ ਵਿਅਕਤੀਆਂ ਲਈ ਸਹਾਇਕ ਰਹਿਣੀ ਅਤੇ ਮਦਦਗਾਰੀ ਰਿਹਾਇਸ਼ ਦੇ 548 ਹੋਰ ਯੂਨਿਟ ਪੈਦਾ ਕਰਨ ਲਈ 21 ਮਿਲੀਅਨ ਡਾਲਰ।*



*ਟਰੈਫਿਕ ਜੁਰਮਾਨਿਆਂ ਵਿਚੋਂ ਮਿਉਂਸਪਿਲਟੀਆਂ ਨੂੰ 21 ਮਿਲੀਅਨ ਡਾਲਰ, ਜਿਸ ਨਾਲ ਕਮਿਉਨਟੀ ਵਿਚ ਪੁਲੀਸ ਵਧਾਉਣ, ਜੁਰਮ ਰੋਕਣ ਅਤੇ ਕਮਿਉਨਟੀਆਂ ਨੂੰ ਸੁਰੱਖਿਅਤ ਬਣਾਉਣ ਲਈ ਹੋਰ ਪ੍ਰੋਗਰਾਮ ਲਾਗੂ ਕਰਨ ਵਿਚ ਮਦਦ ਮਿਲੇਗੀ।*

## ਕੁਦਰਤੀ ਵਸੀਲੇ ਅਤੇ ਜਾਰੀ ਰਹਿਣ ਯੋਗ ਵਿਕਾਸ

*ਬੈਲੇਂਸਡ ਬੱਜਟ 2006* ਅਗਲੇ ਚਾਰ ਸਾਲਾਂ ਦੌਰਾਨ, ਵਰਕਰਾਂ ਅਤੇ ਕਮਿਉਨਟੀਆਂ ਨੂੰ ਨਵੇਂ ਮੌਕੇ ਪ੍ਰਦਾਨ ਕਰਨ ਲਈ, ਅਤੇ ਵਾਤਾਵਰਣ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕੁਦਰਤੀ ਵਸੀਲਿਆਂ ਦੇ ਜਾਰੀ ਰਹਿਣ ਯੋਗ ਵਿਕਾਸ ਦੀ ਮਦਦ ਲਈ ਹੋਰ 312 ਮਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਕਰਦਾ ਹੈ। ਇਨ੍ਹਾਂ ਉੱਦਮਾਂ ਵਿਚ ਸ਼ਾਮਲ ਹਨ:

> ਮਾਉਂਨਟੇਨ ਪਾਈਨ ਬੀਟਲ ਦੇ ਅਸਰਾਂ ਦਾ ਹੱਲ ਕਰਨ ਲਈ ਪਹਿਲਾਂ ਦਿੱਤੇ ਗਏ ਫੰਡਾਂ ਵਿਚ 113 ਮਿਲੀਅਨ ਡਾਲਰ ਦਾ ਵਾਧਾ, ਜਿਸ ਵਿਚ ਬੀਟਲ ਦੇ ਅਸਰ ਵਾਲੀ ਲੱਕੜੀ ਨੂੰ ਕੱਟਣ ਅਤੇ ਤਬਾਹ ਹੋਏ ਇਲਾਕਿਆਂ ਵਿਚ ਦੁਬਾਰਾ ਬੂਟੇ ਲਾਉਣ ਵਿਚ ਮਦਦ ਕਰਨ ਲਈ ਹੋਰ ਫੰਡ ਦੇਣਾ ਸ਼ਾਮਲ ਹਨ;

> ਜੰਗਲ ਅਤੇ ਰੁੱਖਾਂ ਦੇ ਪ੍ਰਬੰਧਾਂ ਦੀ ਨਿਗਰਾਨੀ ਨੂੰ ਬਿਹਤਰ ਬਣਾਉਣ ਲਈ 12 ਮਿਲੀਅਨ ਡਾਲਰ;

> ਤੇਲ ਅਤੇ ਗੈਸ ਦੀ ਖੋਜ ਵਾਲੇ ਖੇਤਰਾਂ ਨੂੰ ਜਾਂਦੀਆਂ ਸੜਕਾਂ ਨੂੰ ਠੀਕ ਕਰਨ, ਸਰਦੀਆਂ ਵਿਚ ਡਰਿੱਲ ਕਰਨ ਦੇ ਸਮੇਂ ਨੂੰ ਲੰਮਾ ਕਰਨ ਅਤੇ ਵਾਤਾਵਰਣ ਲਈ ਬਿਹਤਰ ਉੱਦਮਾਂ ਨੂੰ ਪੱਕਾ ਕਰਨ ਲਈ 129 ਮਿਲੀਅਨ ਡਾਲਰ;

> ਐਬਸਫੋਰਡ ਵਿਚ ਐਨੀਮਲ ਹੈਲਥ ਸੈਂਟਰ ਲੈਬ ਚਲਾਉਣ ਲਈ 5 ਮਿਲੀਅਨ ਡਾਲਰ, ਜੋ ਕਿ 13 ਮਿਲੀਅਨ ਡਾਲਰ ਦੀ ਲਾਗਤ ਵਾਲੀ ਬਹੁਤ ਹੀ ਸੁਰੱਖਿਆ ਵਾਲੀ ਲੇਵਲ-ਤਿੰਨ ਕਨਟੇਨਮੈਂਟ ਲੈਬ ਹੈ ਜਿਹੜੀ ਕਿ ਬੀ ਐੱਸ ਈ ਅਤੇ ਏਵੀਅਨ ਇਨਫਲੂਏਂਜ਼ਾ ਵਰਗੇ ਖਤਰਨਾਕ ਰੋਗ ਪੈਦਾ ਕਰਨ ਵਾਲੇ ਜੀਵਾਣੂਆਂ ਨੂੰ ਟੈੱਸਟ ਕਰਨ ਦੇ ਸਮਰੱਥ ਹੈ;

> ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਦੀ ਲੈਂਡ ਜੂਜ਼ ਅਤੇ ਰੀਸੋਰਸ ਆਥੋਰਾਈਜ਼ੇਸ਼ਨਜ਼ ਹਾਸਲ ਕਰਨ ਵਿਚ ਮਦਦ ਕਰਨ ਲਈ ਇਕੋ ਥਾਂ ਤੋਂ ਸਰਵਿਸ ਦੇਣ ਵਾਲੇ ਫਰੰਟ ਕਾਉਂਟਰ ਬੀ ਸੀ ਲਈ 3 ਮਿਲੀਅਨ ਡਾਲਰ;

> ਪਰਮਿਟਾਂ ਲਈ ਅਰਜ਼ੀਆਂ ਦੀ ਪੜਤਾਲ ਕਰਨ ਅਤੇ ਸਮੇਂ ਸਿਰ ਅਸਿਸਮੈਂਟ ਕਰਨ ਲਈ ਇਨਵਾਇਰਮੈਂਟਲ ਅਸਿਸਮੈਂਟ ਆਫਿਸ ਦੀ ਸਮਰੱਥਾ ਵਧਾਉਣ ਲਈ ਵਾਤਾਵਰਣ ਦੇ ਮਹਿਕਮੇ ਲਈ 6 ਮਿਲੀਅਨ ਡਾਲਰ;

> ਕੋਸਟਲ ਫਸਟ ਨੇਸ਼ਨਜ਼ ਕਨਜ਼ੱਰਵੇਸ਼ਨ ਅਤੇ ਆਰਥਿਕ ਵਿਕਾਸ ਦੇ ਮੌਕਿਆਂ ਲਈ 30 ਮਿਲੀਅਨ ਡਾਲਰ ਦਾ ਪੂੰਜੀ-ਨਿਵੇਸ਼; ਅਤੇ

> ਲਿਵਿੰਗ ਰਿਵਰਜ਼ ਟਰੱਸਟ ਫੰਡ ਲਈ ਫੰਡਾਂ ਨੂੰ ਤਿੱਗਣਾ ਕਰਨ ਲਈ ਸੂਬੇ ਦੀ ਵਚਨਬੱਧਤਾ ਪੂਰੀ ਕਰਨ ਲਈ 14 ਮਿਲੀਅਨ ਡਾਲਰ।

## ਸੈਰ-ਸਪਾਟਾ ਅਤੇ ਅੰਤਰਰਾਸ਼ਟਰੀ ਮੌਕੇ

ਬ੍ਰਿਟਿਸ਼ ਕੋਲੰਬੀਆ ਦਾ ਨਿਸ਼ਾਨਾ ਸਾਲ 2015 ਤੱਕ ਟੂਰਿਜ਼ਮ (ਸੈਰ-ਸਪਾਟਾ) ਇੰਡਸਟਰੀ ਨੂੰ ਦੁੱਗਣਾ ਕਰਨਾ ਹੈ ਅਤੇ 2010 ਵਿੰਟਰ ਓਲੰਪਿਕ ਗੇਮਜ਼ ਦੇ ਮੇਜ਼ਬਾਨ ਵਜੋਂ ਆਪਣੇ ਅੰਤਰਰਾਸ਼ਟਰੀ ਪ੍ਰਦਰਸ਼ਨ ਦਾ ਫਾਇਦਾ ਲੈਣਾ ਹੈ। *ਬੈਲੇਂਸਡ ਬੱਜਟ 2006* ਅਗਲੇ ਤਿੰਨ ਸਾਲਾਂ ਦੌਰਾਨ 50 ਮਿਲੀਅਨ ਡਾਲਰ ਹੋਰ ਦੇ ਕੇ ਇਨ੍ਹਾਂ ਚੀਜ਼ਾਂ ਨਾਲ ਇਹ ਟੀਚਾ ਪੂਰਾ ਕਰਨ ਵਿਚ ਮਦਦ ਕਰਦਾ ਹੈ:

> ਟੂਰਿਜ਼ਮ ਦੇ ਉੱਦਮਾਂ ਲਈ 15 ਮਿਲੀਅਨ ਡਾਲਰ ਦੇ ਨਵੇਂ ਫੰਡ;

> ਪੀਸ ਆਰਚ ਅਤੇ ਮੇਰਿਟ ਵਿਖੇ ਗੇਟਵੇਅ ਟੂਰਿਜ਼ਮ ਸੈਂਟਰ ਉਸਾਰਨ ਲਈ 6 ਮਿਲੀਅਨ ਡਾਲਰ;

> ਸੂਬਾਈ ਰੀਜ਼ੋਰਟਸ ਜੁਗਤ ਦੇ ਹਿੱਸੇ ਵਜੋਂ ਸਾਰੇ ਮੌਸਮਾਂ ਵਿਚ ਖੁਲ੍ਹੇ ਰਹਿਣ ਵਾਲੇ ਰੀਜ਼ੋਰਟਸ (ਤਫਰੀਹਗਾਹਾਂ), ਸਾਹਸੀ ਟੂਰਿਜ਼ਮ ਅਤੇ ਪਬਲਿਕ ਲਈ ਮਨੋਰੰਜਨ ਦੇ ਮੌਕੇ ਤਿਆਰ ਕਰਨ ਵਿਚ ਮਦਦ ਕਰਨ ਲਈ 5 ਮਿਲੀਅਨ ਡਾਲਰ;

> ਵੱਡੇ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਕਮਿਉਨਟੀ-ਆਧਾਰਿਤ ਖੇਡਾਂ ਦੇ ਪ੍ਰੋਗਰਾਮ ਕਰਵਾਉਣ ਵਿਚ ਮਦਦ ਕਰਨ ਲਈ 3 ਮਿਲੀਅਨ ਡਾਲਰ; ਅਤੇ

> ਬੀ.ਸੀ. ਵਿਚ ਸਿੱਧੇ ਬਦੇਸ਼ੀ ਪੂੰਜੀ-ਨਿਵੇਸ਼ ਨੂੰ ਉਤਸ਼ਾਹ ਦੇਣ ਲਈ 21 ਮਿਲੀਅਨ ਡਾਲਰ ਅਤੇ 2010 ਵਿੰਟਰ ਓਲੰਪਿਕ ਅਤੇ ਪੈਰਾਲੰਪਿਕ ਗੇਮਾਂ ਅਤੇ ਬੀ.ਸੀ. ਦੇ ਏਸ਼ੀਆ ਪੈਸੇਫਿਕ ਫੋਕਸ ਨਾਲ ਪੈਦਾ ਹੋਣ ਵਾਲੇ ਆਰਥਿਕ ਮੌਕਿਆਂ ਦਾ ਫਾਇਦਾ ਲੈਣਾ।



*ਕੋਸਟਲ ਫਸਟ ਨੇਸ਼ਨਜ਼ ਕਨਜ਼ੱਰਵੇਸ਼ਨ ਅਤੇ ਆਰਥਿਕ ਵਿਕਾਸ ਦੇ ਮੌਕਿਆਂ ਦੀ ਮਦਦ ਕਰਨ ਲਈ 30 ਮਿਲੀਅਨ ਡਾਲਰ।*

# ਇਨਫਰਾਸਟਰੱਕਚਰ ਵਿਚ ਪੂੰਜੀ-ਨਿਵੇਸ਼

*ਬੈਲੇਂਸਡ ਬੱਜਟ 2006* ਅਜਿਹੀ ਵਾਰਾ ਖਾਣ ਯੋਗ, ਅਸਰਦਾਰ ਇਨਫਰਾਸਟਰੱਕਚਰ ਪਲੈਨ ਦੀ ਹਿਮਾਇਤਾ ਕਰਦਾ ਹੈ ਜਿਹੜੀ ਸਾਡੇ ਵਧ ਰਹੇ ਸੂਬੇ ਦੀਆਂ ਲੋੜਾਂ ਪੂਰੀਆਂ ਕਰਦੀ ਹੈ। ਇਹ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੀ ਬਿਹਤਰ ਸੇਵਾ ਕਰਨ ਲਈ ਅਤੇ ਆਪਣੀ ਆਰਥਿਕਤਾ ਨੂੰ ਮਜ਼ਬੂਤ ਰੱਖਣ ਲਈ ਸਕੂਲ, ਯੂਨੀਵਰਸਿਟੀਆਂ, ਕਾਲਜ, ਹਸਪਤਾਲ, ਸੜਕਾਂ ਅਤੇ ਪੁਲ ਬਣਾਉਣਾ ਅਤੇ ਇਨ੍ਹਾਂ ਨੂੰ ਨਵਿਆਉਣਾ ਜਾਰੀ ਰੱਖ ਰਿਹਾ ਹੈ।

## ਕਲਾਸਰੂਮ ਉਸਾਰਨਾ

ਬ੍ਰਿਟਿਸ਼ ਕੋਲੰਬੀਆ ਅਗਲੇ ਤਿੰਨ ਸਾਲਾਂ ਦੌਰਾਨ ਕੇ-12 ਅਤੇ ਪੋਸਟ-ਸੈਕੰਡਰੀ ਪੜ੍ਹਾਈ ਦੇ ਇਨਫਰਾਸਟਰੱਕਚਰ 'ਤੇ ਤਕਰੀਬਨ 3.4 ਬਿਲੀਅਨ ਡਾਲਰ ਖਰਚੇਗਾ। ਇਸ ਵਿਚ ਸ਼ਾਮਲ ਹੈ:

> ਕੇ-12 ਸਕੂਲਾਂ ਦੀਆਂ ਇਮਾਰਤਾਂ ਬਦਲਣ, ਨਵਿਆਉਣ ਅਤੇ ਵਧਾਉਣ ਲਈ 955 ਮਿਲੀਅਨ ਡਾਲਰ, ਅਤੇ ਸਕੂਲਾਂ ਨੂੰ ਭੁਚਾਲ ਦੇ ਖਤਰੇ ਨਾਲ ਹੋਣ ਵਾਲੇ ਨੁਕਸਾਨ ਤੋਂ ਸੁਰੱਖਿਅਤ ਬਣਾਉਣ ਲਈ 1.5 ਬਿਲੀਅਨ ਡਾਲਰ ਦਾ ਪ੍ਰੋਗਰਾਮ ਜਾਰੀ ਰੱਖੇਗਾ

> ਪੋਸਟ-ਸੈਕੰਡਰੀ ਸੰਸਥਾਵਾਂ ਲਈ 2.4 ਬਿਲੀਅਨ ਡਾਲਰ, ਜਿਸ ਵਿਚ ਫੋਰਟ ਸੇਂਟ ਜੌਹਨ ਵਿਚ ਨੌਰਦਰਨ ਲਾਈਟਸ ਕਾਲਜ, ਡਗਲਸ ਕਾਲਜ, ਸਾਇਮਨ ਫਰੇਜ਼ਰ ਯੂਨੀਵਰਸਿਟੀ, ਕਰੇਨਬਰੁੱਕ ਵਿਚ ਕਾਲਜ ਆਫ ਦਾ ਰੌਕੀਜ਼, ਯੂਨੀਵਰਸਿਟੀ ਆਫ ਵਿਕਟੋਰੀਆ ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਲਈ ਨਵੀਂਆਂ ਇਮਾਰਤਾਂ ਜਾਂ ਇਮਾਰਤਾਂ ਵਿਚ ਵਾਧੇ ਸ਼ਾਮਲ ਹਨ।

## ਸੜਕਾਂ ਅਤੇ ਹਾਈਵੇਅ ਬਣਾਉਣਾ

ਟ੍ਰਾਂਸਪੋਰਟੇਸ਼ਨ ਇਨਵੈਸਟਮੈਂਟ ਪਲੈਨ ਲਈ ਜਾਰੀ ਰਹਿਣ ਵਾਲੀ ਵਚਨਬੱਧਤਾ, ਅਗਲੇ ਤਿੰਨ ਸਾਲਾਂ ਦੌਰਾਨ ਸਰਕਾਰੀ ਅਤੇ ਪ੍ਰਾਈਵੇਟ ਸੈਕਟਰ ਦੇ ਇਨ੍ਹਾਂ ਪ੍ਰੋਜੈਕਟਾਂ ਲਈ 3.9 ਬਿਲੀਅਨ ਡਾਲਰ ਪ੍ਰਦਾਨ ਕਰੇਗੀ:

> ਕਿਕਿੰਗ ਹੌਰਸ ਕੈਨੀਅਨ ਪ੍ਰੋਜੈਕਟ ਦਾ ਪੜਾ 2;

> ਗੇਟਵੇਅ ਪ੍ਰੋਜੈਕਟ ਦਾ ਨਵਾਂ ਪਿੱਟ ਰਿਵਰ ਬਰਿੱਜ ਭਾਗ;

> ਸੀਅ-ਟੂ-ਸਕਾਈ ਹਾਈਵੇਅ ਵਿਚ ਸੁਧਾਰ;

> ਕਲੋਨਾ ਵਿਚ ਵਿਲੀਅਮ ਆਰ. ਬੈਨਟ ਬਰਿੱਜ; ਅਤੇ

> ਤੇਲ ਅਤੇ ਗੈਸ ਸੈਕਟਰ ਅਤੇ ਮਾਉਂਨਟੇਨ ਪਾਈਨ ਬੀਟਲ ਜੁਗਤ ਅਧੀਨ ਜੰਗਲ ਦੀ ਲੋੜੀਂਦੀ ਕਟਾਈ ਵਿਚ ਮਦਦ ਲਈ ਸੜਕਾਂ ਦੀ ਉਸਾਰੀ।



*ਬੀ.ਸੀ. ਇਨਵੈਸਟ ਪ੍ਰੋਗਰਾਮ ਸਾਲ 2006/07 ਦੌਰਾਨ ਵੱਡੇ ਪ੍ਰੋਜੈਕਟਾਂ 'ਤੇ ਤਕਰੀਬਨ 3.5 ਬਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਕਰੇਗਾ - ਜਿਸ ਨਾਲ ਸਕੂਲ, ਸੜਕਾਂ ਅਤੇ ਸਿਹਤ ਸੰਸਥਾਨ ਬਣਾਏ ਅਤੇ ਨਵਿਆਏ ਜਾਣਗੇ।*

## ਸਿਹਤ ਸੰਸਥਾਨ ਬਣਾਉਣਾ

ਹੈਲਥ ਸਿਸਟਮ ਨੂੰ ਅਗਲੇ ਤਿੰਨ ਸਾਲਾਂ ਦੌਰਾਨ ਇਨਫਰਾਸਟਰੱਕਚਰ ਵਿਚ ਲੱਗਣ ਵਾਲੇ ਤਕਰੀਬਨ 1.8 ਬਿਲੀਅਨ ਡਾਲਰਾਂ ਤੋਂ ਫਾਇਦਾ ਹੋਵੇਗਾ। ਮਹੱਤਵਪੂਰਨ ਪ੍ਰੋਜੈਕਟਾਂ ਵਿਚ ਸ਼ਾਮਲ ਹਨ:

> ਸਰੀ ਮੈਮੋਰੀਅਲ ਹਸਪਤਾਲ ਨੂੰ ਵਧਾਉਣਾ, ਜਿਸ ਵਿਚ ਨਵਾਂ ਐਮਰਜੰਸੀ ਵਿਭਾਗ, ਅਰਜੈਂਟ, ਐਂਬੂਲੇਟਰੀ ਅਤੇ ਪੈਰੀਨੇਟਲ ਕੇਅਰ ਅਤੇ ਗੰਭੀਰ ਬੀਮਾਰਾਂ ਦੀ ਸੰਭਾਲ ਲਈ ਹੋਰ 140 ਬੈੱਡ ਸ਼ਾਮਲ ਹੋਣਗੇ;

> ਵੈਨਕੂਵਰ ਜਨਰਲ ਹਸਪਤਾਲ ਵਿਚ ਨਵਾਂ ਅਕੈਡਮਿਕ ਐਂਬੂਲੇਟਰੀ ਕੇਅਰ ਸੈਂਟਰ;

> ਪ੍ਰਿੰਸ ਜੌਰਜ ਰੀਜਨਲ ਹਸਪਤਾਲ ਵਿਖੇ ਮੈਟਰਨਿਟੀ ਵਿਭਾਗ ਅਤੇ ਬੱਚਿਆਂ ਦੇ ਇਲਾਜ ਲਈ ਵਿਭਾਗ ਨੂੰ ਨਵਿਆਉਣਾ ਅਤੇ ਵਧਾਉਣਾ;

> ਨਾਨੈਮੋ ਰੀਜਨਲ ਜਨਰਲ ਹਸਪਤਾਲ ਵਿਖੇ ਇਕ ਨਵਾਂ ਪੈਰੀਨੇਟਲ ਵਿੰਗ;

> ਨਵਾਂ ਐਬਸਫੋਰਡ ਰੀਜਨਲ ਹਸਪਤਾਲ ਅਤੇ ਕੈਂਸਰ ਸੈਂਟਰ; ਅਤੇ

> ਕਰੇਨਬਰੁੱਕ ਵਿਚਲੇ ਈਸਟ ਕੂਟਨੀ ਰੀਜਨਲ ਹਸਪਤਾਲ ਨੂੰ ਮੁੜ ਕੇ ਤਿਆਰ ਕਰਨਾ, ਜਿਸ ਵਿਚ ਐਮਰਜੰਸੀ, ਐਂਬੂਲੇਟਰੀ ਕੇਅਰ, ਡਾਇਗਨੌਸਟਿਕ ਇਮੇਜਿੰਗ ਵਿਭਾਗ ਸ਼ਾਮਲ ਹਨ।


## ਸਿਹਤ

*ਬੈਲੇਂਸਡ ਬੱਜਟ 2006* ਹੈਲਥ ਕੇਅਰ (ਸਿਹਤ ਸੰਭਾਲ) ਲਈ ਦਿੱਤੇ ਜਾਣ ਵਾਲੇ ਫੰਡਾਂ ਵਿਚ 301 ਮਿਲੀਅਨ ਡਾਲਰ ਦਾ ਵਾਧਾ ਕਰਦਾ ਹੈ। ਪਹਿਲਾਂ ਐਲਾਨੇ ਗਏ ਵਾਧਿਆਂ ਨਾਲ ਰਲ ਕੇ, ਇਹ ਰਕਮ ਅਗਲੇ ਤਿੰਨ ਸਾਲਾਂ ਦੌਰਾਨ ਨਵੇਂ ਫੰਡਾਂ ਵਜੋਂ ਤਕਰੀਬਨ 2 ਬਿਲੀਅਨ ਡਾਲਰ ਬਣ ਜਾਂਦੀ ਹੈ। ਨਵੇਂ ਫੰਡ ਵੱਖ ਵੱਖ ਖੇਤਰਾਂ ਵਿਚ ਵਧਾਈਆਂ ਗਈਆਂ ਸੇਵਾਵਾਂ ਦੀ ਮਦਦ ਕਰਨਗੇ, ਜਿਨ੍ਹਾਂ ਵਿਚ ਅਪਰੇਸ਼ਨਾਂ ਲਈ ਉਡੀਕ ਸਮਾਂ ਘਟਾਉਣ ਦੇ ਉੱਦਮ, ਨਵੀਂਆਂ ਰਿਹਾਇਸ਼ੀ, ਸਹਾਇਕ ਰਹਿਣੀ, ਅਤੇ ਮਦਦਗਾਰੀ ਰਿਹਾਇਸ਼ਾਂ ਪ੍ਰਦਾਨ ਕਰਨਾ ਅਤੇ ਬੀਮਾਰੀਆਂ ਤੋਂ ਰੋਕਥਾਮ ਸ਼ਾਮਲ ਹਨ।


## ਪੜ੍ਹਾਈ

*ਬੈਲੇਂਸਡ ਬੱਜਟ 2006* ਕੇ-12 ਪੜ੍ਹਾਈ ਲਈ ਫੰਡਾਂ ਵਿਚ 112 ਮਿਲੀਅਨ ਡਾਲਰ ਦਾ ਵਾਧਾ ਕਰਦਾ ਹੈ। ਪਹਿਲਾਂ ਐਲਾਨੇ ਗਏ ਵਾਧਿਆਂ ਨਾਲ ਰਲ ਕੇ, ਇਹ ਰਕਮ ਅਗਲੇ ਤਿੰਨ ਸਾਲਾਂ ਦੌਰਾਨ ਨਵੇਂ ਫੰਡਾਂ ਵਜੋਂ ਤਕਰੀਬਨ 437 ਮਿਲੀਅਨ ਡਾਲਰ ਬਣ ਜਾਂਦੀ ਹੈ। ਇਸ ਦੇ ਨਾਲ ਹੀ, ਸਕੂਲ ਸਿਸਟਮ ਵਿਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘਟਣਾ ਜਾਰੀ ਰਹਿਣ ਨਾਲ ਹਰ ਵਿਦਿਆਰਥੀ ਪ੍ਰਤੀ ਜ਼ਿਆਦਾ ਫੰਡ ਮਿਲਣਗੇ। ਸਾਲ 2008/09 ਵਿਚ ਪ੍ਰਤੀ ਵਿਦਿਆਰਥੀ ਫੰਡਿੰਗ 7338 ਡਾਲਰ ਤੱਕ ਪਹੁੰਚ ਜਾਵੇਗੀ ਜੋ ਕਿ ਇਕ ਰਿਕਾਰਡ ਹੋਵੇਗੀ।

### ਮਨਿਸਟਰੀ ਆਫ ਹੈਲਥ ਬੱਜਟ ਵਿਚ ਵਾਧੇ





### ਕੇ-12 ਪੜ੍ਹਾਈ ਬੱਜਟ ਵਿਚ ਵਾਧੇ







*ਸਿਹਤ ਬੱਜਟ ਐਕਟਨਾਓ ਬੀ ਸੀ ਲਈ ਹੋਰ 15 ਮਿਲੀਅਨ ਡਾਲਰ ਦਿੰਦਾ ਹੈ, ਜੋ ਕਿ ਸਿਹਤਮੰਦ ਰਹਿਣੀ-ਬਹਿਣੀ ਨੂੰ ਉਤਸ਼ਾਹ ਦਿੰਦਾ ਹੈ।*

### ਵਿਦਿਆਰਥੀ ਦਾਖਲੇ ਅਤੇ ਪ੍ਰਤੀ ਵਿਦਿਆਰਥੀ ਫੰਡ (ਸਰਕਾਰੀ ਸਕੂਲ)




## ਬੇਰੁਜ਼ਗਾਰੀ 30 ਸਾਲਾਂ ਵਿਚ ਸੱਭ ਤੋਂ ਘੱਟ





## ਬੀ ਸੀ ਜੌਬਾਂ ਪੈਦਾ ਕਰਨ ਵਿਚ ਮੋਹਰੀ

**ਹਜ਼ਾਰਾਂ ਜੌਬਾਂ; ਮੌਸਮ ਮੁਤਾਬਕ ਅਡਜਸਟ ਕੀਤੀਆਂ**




## ਆਰਥਿਕ ਵਾਧਾ




ਈ: 2005 ਰੀਅਲ ਜੀ ਡੀ ਪੀ ਵਾਧਾ ਬੀ ਸੀ ਮਨਿਸਟਰੀ ਆਫ ਫਾਇਨੈਂਸ ਦਾ ਅੰਦਾਜ਼ਾ ਹੈ
ਸ੍ਰੋਤ: ਸਟੈਟਿਸਟਿਕਸ ਕੈਨੇਡਾ, ਬੀ ਸੀ ਮਨਿਸਟਰੀ ਆਫ ਫਾਇਨੈਂਸ

## ਮਜ਼ਬੂਤ ਇਕੌਨਮੀ

ਬ੍ਰਿਟਿਸ਼ ਕੋਲੰਬੀਆ ਦੀ ਇਕੌਨਮੀ (ਆਰਥਿਕਤਾ) ਮਜ਼ਬੂਤ ਹੈ, ਅਤੇ ਬੇਰੁਜ਼ਗਾਰੀ ਦੀ ਘੱਟ ਦਰ, ਤਕੜੀ ਘਰੇਲੂ ਮੰਗ ਅਤੇ ਕਾਰੋਬਾਰਾਂ ਵਿਚ ਜ਼ਿਆਦਾ ਪੂੰਜੀ-ਨਿਵੇਸ਼ ਇਸ ਦੇ ਹੱਕ ਵਿਚ ਜਾਂਦੇ ਹਨ।

ਸਾਲ 2005 ਵਿਚ 3.6 ਫੀਸਦੀ, ਅੰਦਾਜ਼ਨ ਰੀਅਲ ਗਰੌਸ ਡੋਮੈਸਟਿਕ ਪ੍ਰੋਡਕਟ ਗਰੋਥ ਦਰ ਤੋਂ ਬਾਅਦ ਮਨਿਸਟਰੀ ਆਫ ਫਾਇਨੈਂਸ (ਵਿੱਤ ਮਹਿਕਮਾ) ਸਾਲ 2006 ਲਈ 3.3 ਫੀਸਦੀ ਆਰਥਿਕ ਵਾਧੇ ਦੀ ਭਵਿੱਖਬਾਣੀ ਕਰਦੀ ਹੈ। ਦਰਮਿਆਨੇ ਅਰਸੇ ਵਿਚ ਆਰਥਿਕ ਵਾਧੇ ਦੀ ਦਰ ਔਸਤ 3.1 ਫੀਸਦੀ ਹੋ ਜਾਣ ਦੀ ਸੰਭਾਵਨਾ ਹੈ।

2005 ਵਿਚ, 67800 ਨਵੀਂਆਂ ਜੌਬਾਂ ਨਾਲ ਬ੍ਰਿਟਿਸ਼ ਕੋਲੰਬੀਆ ਰੁਜ਼ਗਾਰ ਵਿਚ ਵਾਧੇ ਲਈ ਸਾਰੇ ਸੂਬਿਆਂ ਤੋਂ ਅੱਗੇ ਸੀ – ਜੋ ਕਿ 3.3 ਫੀਸਦੀ ਵਾਧਾ ਹੈ। ਬੇਰੁਜ਼ਗਾਰੀ ਦੀ ਔਸਤ ਦਰ 5.9 ਫੀਸਦੀ ਸੀ, ਜੋ ਕਿ 30 ਸਾਲਾਂ ਵਿਚ ਸੱਭ ਤੋਂ ਘੱਟ ਸੀ।

ਤਕੜੇ ਕਾਰੋਬਾਰ ਅਤੇ ਖਪਤਕਾਰਾਂ ਦੇ ਭਰੋਸੇ ਦੇ ਮੱਦੇਨਜ਼ਰ, ਬ੍ਰਿਟਿਸ਼ ਕੋਲੰਬੀਆ ਵਿਚ ਕਾਰੋਬਾਰਾਂ ਵਿਚ ਅਸਲੀ ਪੂੰਜੀ-ਨਿਵੇਸ਼ 2005 ਵਿਚ 5.9 ਫੀਸਦੀ ਵਧਿਆ; ਕਾਰੋਬਾਰਾਂ ਵਿਚ ਪੂੰਜੀ-ਨਿਵੇਸ਼ ਦਾ ਬਹੁਤਾ ਵਾਧਾ ਮਸ਼ੀਨਰੀ ਅਤੇ ਸਾਜ਼-ਸਾਮਾਨ ਅਤੇ ਗੈਰ-ਰਿਹਾਇਸ਼ੀ ਕਨਸਟਰੱਕਸ਼ਨ ਵਿਚ ਹੋਇਆ। ਬ੍ਰਿਟਿਸ਼ ਕੋਲੰਬੀਆ ਵਿਚ ਸਾਲ 2006 ਵਿਚ ਕੁੱਲ ਪੂੰਜੀ-ਨਿਵੇਸ਼ 6.4 ਫੀਸਦੀ ਵਧ ਜਾਣ ਦੀ ਭਵਿੱਖਬਾਣੀ ਕੀਤੀ ਗਈ ਹੈ, ਜੋ ਕਿ ਸਾਲ 2007 ਵਿਚ ਮੱਠਾ ਹੋ ਕੇ 3.1 ਫੀਸਦੀ ਹੋ ਜਾਵੇਗਾ।

## ਇਕਨੌਮਿਕ ਫੋਰਕਾਸਟ ਕੌਂਸਲ

ਇਕਨੌਮਿਕ ਫੋਰਕਾਸਟ ਕੌਂਸਲ (ਆਰਥਿਕ ਭਵਿੱਖਬਾਣੀ ਕਰਨ ਵਾਲੀ ਕੌਂਸਲ), ਪ੍ਰਾਈਵੇਟ ਸੈਕਟਰ ਦੇ 13 ਇਕਨੌਮਿਸਟਾਂ (ਅਰਥ-ਸ਼ਾਸਤਰੀਆਂ) ਦਾ ਇਕ ਗਰੁੱਪ ਹੈ ਜੋ ਕਿ ਸੂਬੇ ਦੇ ਆਰਥਿਕ ਭਵਿੱਖ ਬਾਰੇ ਮਨਿਸਟਰੀ ਆਫ ਫਾਇਨੈਂਸ ਨੂੰ ਸਲਾਹ ਦਿੰਦੀ ਹੈ।

ਕੌਂਸਲ ਇਹ ਉਮੀਦ ਰੱਖਦੀ ਹੈ ਕਿ ਦਰਮਿਆਨੇ ਅਰਸੇ ਦੌਰਾਨ, ਬੀ ਸੀ ਦੀ ਤਕੜੀ ਘਰੇਲੂ ਇਕੌਨਮੀ ਨੂੰ, ਜੌਬਾਂ ਵਿਚ ਤਕੜੇ ਵਾਧੇ, ਵਧੀ ਗੈਰ-ਰਿਹਾਇਸ਼ੀ ਕਨਸਟਰੱਕਸ਼ਨ, ਖਪਤਕਾਰਾਂ ਵਲੋਂ ਸਿਹਤਮੰਦ ਖਰਚੇ, ਘਰਾਂ ਦੀ ਟਿਕਵੀਂ ਮਾਰਕੀਟ, ਬੀ.ਸੀ. ਦੇ ਕੁਦਰਤੀ ਵਸੀਲਿਆਂ ਲਈ ਲਗਾਤਾਰ ਮੰਗ, ਏਸ਼ੀਆ ਨਾਲ ਵਪਾਰ ਵਿਚ ਵਾਧੇ, ਬੀ.ਸੀ. ਦੀ ਬਿਹਤਰ ਵਿੱਤੀ ਹਾਲਤ ਅਤੇ 2010 ਓਲੰਪਿਕਸ ਲਈ ਤਿਆਰੀ ਤੋਂ ਮਦਦ ਮਿਲੇਗੀ।

## ਬੱਜਟ ਨੂੰ ਬੈਲੇਂਸ ਰੱਖਣਾ


ਸੂਬਾਈ ਬੱਜਟ ਨੂੰ ਬੈਲੇਂਸ (ਸੰਤੁਲਨ) ਰੱਖਣ ਲਈ ਸਰਕਾਰ ਵਲੋਂ ਕਾਨੂੰਨ ਬਣਾ ਕੇ ਕੀਤੇ ਵਾਅਦੇ ਮੁਤਾਬਕ, ਵਿੱਤੀ ਯੋਜਨਾ 2006/07 ਵਿਚ 600 ਮਿਲੀਅਨ ਡਾਲਰ, 2007/08 ਵਿਚ 400 ਮਿਲੀਅਨ ਡਾਲਰ ਅਤੇ 2008/09 ਵਿਚ 150 ਮਿਲੀਅਨ ਡਾਲਰ ਦੇ ਸਰਪਲੱਸ (ਬੱਚਤ) ਦੀ ਭਵਿੱਖਬਾਣੀ ਕਰਦੀ ਹੈ।

## ਇਕ ਦੂਰ-ਅੰਦੇਸ਼ ਬੱਜਟ


ਸਰਪਲੱਸ ਦੇ ਟੀਚਿਆਂ ਨੂੰ ਪੂਰਾ ਕਰਨ ਵਿਚ ਮਦਦ ਕਰਨ ਲਈ, ਨਵੀਂ ਵਿੱਤੀ ਯੋਜਨਾ ਵਿਚ 2006/07 ਵਿਚ 850 ਮਿਲੀਅਨ ਡਾਲਰ, 2007/08 ਵਿਚ 550 ਮਿਲੀਅਨ ਡਾਲਰ, ਅਤੇ 2008/09 ਵਿਚ 400 ਮਿਲੀਅਨ ਡਾਲਰ ਦਾ ਫੋਰਕਾਸਟ ਅਲਾਊਂਸ (ਦੂਰਦਰਿਸ਼ਤਾ ਅਲਾਊਂਸ) ਸ਼ਾਮਲ ਹੈ।

ਇਹ ਅਲਾਊਂਸ ਵਿੱਤੀ ਯੋਜਨਾ ਦੀ ਆਮਦਨ ਘਟਣ ਦੇ ਖਤਰਿਆਂ ਤੋਂ ਹਿਫਾਜ਼ਤ ਕਰਨਗੇ ਜਿਵੇਂ ਕਿ ਨੈਚੁਰਲ ਗੈਸ ਜਾਂ ਹੋਰ ਵਸਤਾਂ ਦੇ ਭਾਅ ਵਿਚ ਅਚਾਨਕ ਕਮੀ ਆਉਣਾ, ਕੁਦਰਤੀ ਆਫਤਾਂ ਦਾ ਖਰਚਾ, ਅਤੇ ਹੋਰ ਅਣਚਿਤਵੀਆਂ ਘਟਨਾਵਾਂ ਦਾ ਵਾਪਰਨਾ। 2006/07 ਵਿਚ ਫੋਰਕਾਸਟ ਅਲਾਊਂਸ ਦਾ ਜ਼ਿਆਦਾ ਹੋਣਾ, ਨੈਚੁਰਲ ਗੈਸ ਦੀ ਕੀਮਤ ਵਿਚ ਅਸਥਿਰਤਾ ਕਾਰਨ ਹੈ। ਜੇ ਫੋਰਕਾਸਟ ਅਲਾਊਂਸ ਦੀ ਲੋੜ ਨਾ ਪਈ ਤਾਂ ਇਸ ਦੀ ਵਰਤੋਂ ਉਧਾਰ ਅਤੇ ਕਰਜ਼ੇ ਨੂੰ ਘਟਾਉਣ ਲਈ ਕੀਤੀ ਜਾ ਸਕਦੀ ਹੈ।

## ਕਰਜ਼ੇ ਦੀ ਵਾਰਾ ਖਾਣ ਯੋਗਤਾ ਵਿਚ ਸੁਧਾਰ ਹੋਇਆ ਹੈ ਕਰਜ਼ੇ ਦੀ ਵਾਰਾ ਖਾਣ ਯੋਗਤਾ ਵਿਚ ਸੁਧਾਰ ਹੋਇਆ ਹੈ




## ਵਧੀਆ ਵਿੱਤੀ ਪ੍ਰਬੰਧ




## ਕਰਜ਼ਾ ਵਾਰਾ ਖਾਣ ਯੋਗ ਰਹਿੰਦਾ ਹੈ

ਸੂਬੇ ਦੇ ਇਨਫਰਾਸਟਰੱਕਚਰ ਵਿਚ ਪੂੰਜੀ-ਨਿਵੇਸ਼ ਲਈ ਕਰਜ਼ਾ ਪੈਸਿਆਂ ਦਾ ਇਕ ਮਹੱਤਵਪੂਰਨ ਸ੍ਰੋਤ ਬਣਿਆ ਆ ਰਿਹਾ ਹੈ।

ਤਿੰਨ ਸਾਲਾ ਯੋਜਨਾ ਇਹ ਭਵਿੱਖਬਾਣੀ ਕਰਦੀ ਹੈ ਕਿ ਟੈਕਸ ਦੇਣ ਵਾਲਿਆਂ ਦੇ ਆਧਾਰ 'ਤੇ ਲਿਆ ਕਰਜ਼ਾ ਸਾਲ 2006/07 ਵਿਚ 27.9 ਬਿਲੀਅਨ ਡਾਲਰ, 2007/08 ਵਿਚ 29 ਬਿਲੀਅਨ ਡਾਲਰ, ਅਤੇ 2008/09 ਵਿਚ 29.9 ਬਿਲੀਅਨ ਡਾਲਰ ਹੋਵੇਗਾ ਜੋ ਕਿ ਸਾਲ ਵਿਚ ਔਸਤਨ 2.9 ਫੀਸਦੀ ਵਾਧਾ ਹੈ।

ਬ੍ਰਿਟਿਸ਼ ਕੋਲੰਬੀਆ ਦੀ ਨਿਰੰਤਰ ਚੱਲਣ ਵਾਲੀ ਆਰਥਿਕ ਅਤੇ ਵਿੱਤੀ ਮਜ਼ਬੂਤੀ ਇਹ ਪੱਕਾ ਕਰਦੀ ਹੈ ਕਿ ਨਵਾਂ ਕਰਜ਼ਾ ਵਾਰਾ ਖਾਣ ਯੋਗ ਰਹੇਗਾ। ਅਜੋਕੇ ਸਾਲਾਂ ਦੇ ਚੰਗੇ ਰੁਝਾਨ ਨੂੰ ਜਾਰੀ ਰੱਖਦੇ ਹੋਏ, ਟੈਕਸ ਦੇਣ ਵਾਲਿਆਂ ਦੇ ਆਧਾਰ 'ਤੇ ਲਿਆ ਕਰਜ਼ਾ, ਜੀ ਡੀ ਪੀ ਅਨੁਪਾਤ ਦੇ ਮੁਤਾਬਕ - ਜੋ ਕਿ ਕਰਜ਼ੇ ਦੀ ਵਾਰਾ ਖਾਣ ਯੋਗਤਾ ਦਾ ਇਕ ਮੁੱਖ ਪੈਮਾਨਾ ਹੈ - 2006/07 ਵਿਚ 15.8 ਫੀਸਦੀ, 2007/08 ਵਿਚ 15.7 ਫੀਸਦੀ ਅਤੇ 2008/09 ਵਿਚ 15.4 ਫੀਸਦੀ ਘਟ ਜਾਣ ਦੀ ਭਵਿੱਖਬਾਣੀ ਕੀਤੀ ਗਈ ਹੈ।

ਤਿੰਨ-ਸਾਲਾ ਮੂਵਿੰਗ ਐਵਰੇਜ ਦੀ ਵਰਤੋਂ ਨਾਲ ਸਰਕਾਰ ਇਸ ਅਨੁਪਾਤ ਦਾ ਹੇਠਾਂ ਵੱਲ ਨੂੰ ਰੁਝਾਨ ਕਾਇਮ ਰੱਖਣ ਲਈ ਵਚਨਬੱਧ ਹੈ।

BRITISH COLUMBIA

Ministry of Finance